
ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਸੱਚ ਤੇ ਨਿਡਰ ਆਵਾਜ਼
# ਰੋਜ਼ਾਨਾ ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਵੀਰਵਾਰ, 12 ਸਤੰਬਰ 2024
Email:- lokbani08@gmail.com


**ਅੱਜ ਦਾ ਸ਼ੁਭ ਵਿਚਾਰ**



ਜਨਤਕ ਤੌਰ ਤੇ ਕੀਤੀ ਗਈ ਆਲੋਚਨਾ ਅਪਮਾਨ ਵਿੱਚ ਬਦਲ ਜਾਂਦੀ ਹੈ ਅਤੇ ਇਕਾਂਤ ਵਿੱਚ ਦੱਸਣ ਤੇ ਸਲਾਹ ਬਣ ਜਾਂਦੀ ਹੈ।

ਕਮਲ ਅਗਰਵਾਲ


ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 * ਸਾਲ 16 , * ਅੰਕ : 95, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫ਼ਤਰ : 0181-2211009 * M : 99155-94111



DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998


## ਪਾਕਿਸਤਾਨ ਦੀ ਕਰਤੂਤ ਫੇਰ ਕੀਤੀ ਭਾਰਤ ਵੱਲ ਗੋਲੀਬਾਰੀ



**ਜੰਮੂ ਕਸ਼ਮੀਰ, ਲੋਕ ਬਾਣੀ**-ਪਾਕਿਸਤਾਨੀ ਸੈਨਿਕਾਂ ਨੇ ਮੰਗਲਵਾਰ ਦੇਰ ਰਾਤ ਗੋਲੀਬੰਦੀ ਦੀ ਉਲੰਘਣਾ ਕਰਦਿਆਂ ਜੰਮੂ ਸਰਹੱਦ 'ਤੇ ਸਥਿਤ ਭਾਰਤੀ ਚੌਕੀਆਂ 'ਤੇ ਬਿਨਾ ਕਿਸੇ ਭੜਕਾਹਟ ਤੋਂ ਗੋਲੀਬਾਰੀ ਕੀਤੀ। ਇਸ ਗੋਲੀਬਾਰੀ ਵਿੱਚ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਦਾ ਜਵਾਨ ਜ਼ਖ਼ਮੀ ਹੋ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਬੀਐੱਸਐੱਫ ਦੇ ਜਵਾਨਾਂ ਨੇ ਵੀ ਜਵਾਬੀ ਕਾਰਵਾਈ ਕੀਤੀ ਪਰ ਅਜੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਸ ਦੌਰਾਨ ਪਾਕਿਸਤਾਨ ਨੂੰ ਕੋਈ ਨੁਕਸਾਨ ਪਹੁੰਚਿਆ ਹੈ ਜਾਂ ਨਹੀਂ। ਬੀਐੱਸਐੱਫ ਦੇ ਤਰਜਮਾਨ ਨੇ ਦੱਸਿਆ ਕਿ ਜਵਾਨ ਹਾਈ ਅਲਰਟ 'ਤੇ ਹਨ ਅਤੇ ਕੌਮਾਂਤਰੀ ਸਰਹੱਦ ਤੇ ਕੰਟਰੋਲ ਰੇਖਾ 'ਤੇ ਸਖ਼ਤ ਨਿਗਰਾਨੀ ਰੱਖ ਰਹੇ ਹਨ। -

## ਕੈਨੇਡਾ ਵਿੱਚ ਵੀ ਹੁਣ ਨਸ਼ੇੜੀਆਂ ਦੀ ਦਹਿਸ਼ਤ ਸੜਕਾਂ ਤੇ ਘੁੰਮ ਰਹੇ ਨਸ਼ੇੜੀ



**ਕੈਨੇਡਾ, ਲੋਕ ਬਾਣੀ** --ਕੈਨੇਡਾ ਦਾ ਵੈਨਕੂਵਰ ਸ਼ਹਿਰ ਕਦੇ ਰਹਿਣ ਲਈ ਦੁਨੀਆ ਦੇ ਸਭ ਤੋਂ ਪਸੰਦੀਦਾ ਸ਼ਹਿਰਾਂ ਦੀ ਸੂਚੀ ਵਿੱਚ ਸਿਖਰ ਤੇ ਸੀ। ਇਸ ਦੀ ਪਛਾਣ ਕੁਦਰਤ ਦੇ ਕੰਢੇ ਵਸੇ ਸ਼ਹਿਰ ਵਜੋਂ ਕੀਤੀ ਗਈ ਹੈ। ਪਰ ਅੱਜ ਵੈਨਕੂਵਰ ਨਸ਼ਿਆਂ ਦੀ ਲਪੇਟ ਵਿਚ ਆ ਚੁੱਕਾ ਹੈ ਕਿ ਅਮਰੀਕਾ ਦਾ ਡਰੱਗ ਸੰਕਟ ਵੀ ਇਸ ਦੇ ਮੁਕਾਬਲੇ ਛੋਟਾ ਜਾਪਦਾ ਹੈ। ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਸ਼ਹਿਰ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਨਸ਼ੇ ਦੇ ਸ਼ਿਕਾਰ ਹਨ। ਹਾਲਾਤ ਅਜਿਹੇ ਹਨ ਕਿ ਸ਼ਹਿਰ ਦੇ ਡਾਊਨਟਾਊਨ ਈਸਟਸਾਈਡ ਵਿੱਚ ਇੱਕ ਕਿਲੋਮੀਟਰ ਪੈਦਲ ਚੱਲਣਾ ਵੀ ਡਰਾਉਣਾ ਹੈ। ਨਸ਼ੇੜੀ ਸੜਕ ਕਿਨਾਰੇ ਦਰੱਖਤਾਂ ਨੇੜੇ ਬੈਠੇ ਨਜ਼ਰ ਆਉਣਗੇ। ਹਰ ਪਾਸੇ ਸੁੱਟੀਆਂ ਹੋਈਆਂ ਸੂਈਆਂ ਹਨ।

## ਮਮਤਾ ਬੈਨਰਜੀ ਦੀ ਸਰਕਾਰ ਨੇ ਡਾਕਟਰਾਂ ਨੂੰ ਮੀਟਿੰਗ ਲਈ ਸੱਦਾ ਦਿੱਤਾ




**ਕੋਲਕਾਤਾ, ਲੋਕ ਬਾਣੀ**--ਪੱਛਮੀ ਬੰਗਾਲ ਸਰਕਾਰ ਨੇ ਇੱਥੇ ਆਰਜੀ ਕਰ ਹਸਪਤਾਲ ਵਿੱਚ ਮਹਿਲਾ ਡਾਕਟਰ ਨਾਲ ਜਬਰ-ਜਨਾਹ ਤੇ ਉਸ ਦੀ ਹੱਤਿਆ ਦੀ ਘਟਨਾ ਕਾਰਨ ਪੈਦਾ ਹੋਏ ਤਣਾਅ 'ਤੇ ਗੱਲਬਾਤ ਕਰਨ ਲਈ ਅੱਜ ਪ੍ਰਦਰਸ਼ਨਕਾਰੀ ਡਾਕਟਰਾਂ ਨੂੰ ਸੱਦ ਲਿਆ ਹੈ। ਸਰਕਾਰ ਨੇ ਉਨ੍ਹਾਂ ਨੂੰ ਬੁੱਧਵਾਰ ਸ਼ਾਮ ਨੂੰ 6 ਵਜੇ ਸੂਬਾ ਸਕੱਤਰੇਤ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਸ਼ਾਮਲ ਹੋਣ ਨੂੰ ਕਿਹਾ ਹੈ। ਇਸ ਤੋਂ ਪਹਿਲਾਂ ਦਿਨ ਵਿੱਚ, ਪ੍ਰਦਰਸ਼ਨਕਾਰੀ ਜੂਨੀਅਰ ਡਾਕਟਰਾਂ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਇਕ ਈ-ਮੇਲ ਭੇਜ ਇਸ ਤਣਾਅ 'ਤੇ ਚਰਚਾ ਕਰਨ ਲਈ ਸਮਾਂ ਮੰਗਿਆ ਸੀ।

## ਪੰਜਾਬ ਵਿੱਚ ਅੱਜ ਤੋਂ ਓ.ਪੀ.ਡੀ ਸੇਵਾਵਾਂ ਬੰਦ




**ਚੰਡੀਗੜ੍ਹ, ਵਿਨੋਦ ਸ਼ਰਮਾ** --ਪੰਜਾਬ ਚੋਂ ਵੱਡੀ ਖਬਰ ਆ ਰਹੀ ਹੈ ਪੀ.ਸੀ.ਐਮ. ਐਸ. ਐਸੋਸੀਏਸ਼ਨ ਨੇ ਐਲਾਨ ਕੀਤਾ ਹੈ ਕਿ 12 ਸਤੰਬਰ ਤੋਂ ਸਾਰੇ ਸਰਕਾਰੀ ਹਸਪਤਾਲਾਂ ਵਿਚ ਓ.ਪੀ. ਡੀ. ਸੇਵਾਵਾਂ ਸਾਰਾ ਦਿਨ ਬੰਦ ਰਹਿਣਗੀਆਂ। ਐਸੋਸੀਏਸ਼ਨ ਦੇ ਪ੍ਰਧਾਨ ਨੇ ਕਿਹਾ ਕਿ ਸੇਵਾਵਾਂ ਕੱਲ੍ਹ ਤੋਂ 15 ਸਤੰਬਰ ਤੱਕ ਬੰਦ ਰਹਿਣਗੀਆਂ। ਦੱਸ ਦੇਈਏ ਕਿ ਐਸੋਸੀਏਸ਼ਨ ਦੀ ਅੱਜ ਕੈਬਨਿਟ ਦੀ ਸੂਬਾ ਕਮੇਟੀ ਨਾਲ ਮੀਟਿੰਗ ਹੋਈ ਸੀ, ਜਿਸ ਵਿਚ ਕੋਈ ਸਿੱਟੇ ਨਹੀਂ ਨਿਕਲੇ ਜਿਸ ਨਾਲ ਮਰੀਜ਼ਾਂ ਨੂੰ ਭਾਰੀ ਦਿਕਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ

## ਹਿੰਦੂ ਭਾਈਚਾਰੇ ਦੇ ਲੋਕਾਂ ਨੇ ਨਵਾਂਸ਼ਹਿਰ ਦਾ ਚੰਡੀਗੜ੍ਹ ਚੌਂਕ ਨੂੰ ਕੀਤਾ ਜ਼ਾਮ



**ਨਵਾਂਸ਼ਹਿਰ, ਲੋਕ ਬਾਣੀ**---ਨਵਾਂਸ਼ਹਿਰ ਵਿਚ ਸਥਿਤ ਬਾਰਾਦਰੀ ਬਾਗ਼ ਨਜ਼ਦੀਕ ਬਣੀ ਜਾਮਾ ਮਸਜਿਦ ਦੇ ਲੱਗੇ ਜਿੰਦਰੇ ਦਾ ਮਾਮਲਾ ਇਕ ਵਾਰ ਫਿਰ ਗਰਮਾਇਆ ਹੈ। ਬੀਤੇ ਕਈ ਦਿਨਾਂ ਤੋਂ ਚਲਦੇ ਵਿਵਾਦ ਨੂੰ ਲੈ ਕੇ ਭਗਤ ਸਿੰਘ ਨਗਰ ਵਾਸੀ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਡਿਪਟੀ ਕਮਿਸ਼ਨਰ ਦੇ ਦਫ਼ਤਰ ਤੋਂ ਬਾਹਰ ਆ ਕੇ ਸਾਰੇ ਸ਼ਹਿਰ ਵਾਸੀਆਂ, ਹਿੰਦੂ ਭਾਈਚਾਰੇ ਸਮੇਤ ਚੰਡੀਗੜ੍ਹ ਚੌਕ ਵਿਚ ਧਰਨਾ ਲਗਾਇਆ ਤੇ ਪ੍ਰਸ਼ਾਸਨ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨ ਕਰਦੇ ਸ਼ਹਿਰ ਵਾਸੀਆਂ ਨੂੰ ਡੀ. ਐਸ. ਪੀ. ਰਾਜ ਕੁਮਾਰ ਵਲੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ ਪਰ ਸ਼ਹਿਰ ਵਾਸੀਆਂ ਦੇ ਰੋਹ ਅੱਗੇ ਪੁਲਿਸ ਪ੍ਰਸ਼ਾਸਨ ਦੀ ਇਕ ਨਾ ਚੱਲੀ ਤੇ ਆਵਾਜਾਈ ਨੇ ਵੱਡੇ ਜਾਮ ਦਾ ਰੂਪ ਧਾਰਨ ਕੀਤਾ ਤੇ ਆਖਿਰ ਸ਼ਹਿਰ ਵਾਸੀ ਚੰਡੀਗੜ੍ਹ ਚੌਂਕ ਵਿਚ ਪਹੁੰਚਣ ਵਿਚ ਕਾਮਯਾਬ ਹੋ ਗਏ।

## ਚੰਡੀਗੜ੍ਹ ਚ ਕੋਠੀ ਤੇ ਕੀਤਾ ਗਿਆ ਧਮਾਕਾ ਪੂਰੇ ਇਲਾਕੇ ਵਿੱਚ ਫੈਲੀ ਦਹਿਸ਼ਤ



**ਚੰਡੀਗੜ੍ਹ, ਵਿਨੋਦ ਸ਼ਰਮਾ**--ਆਟੋ ਰਿਕਸ਼ਾ 'ਤੇ ਆਏ ਤਿੰਨ ਅਣਪਛਾਤੇ ਵਿਅਕਤੀਆਂ ਵੱਲੋਂ ਅੱਜ ਸ਼ਾਮ ਨੂੰ ਇੱਥੇ ਸੈਕਟਰ-10 ਸਥਿਤ ਇੱਕ ਕੋਠੀ ਵਿੱਚ ਹੱਥਗੋਲਾ ਸੁੱਟੇ ਜਾਣ ਕਾਰਨ ਦਹਿਸ਼ਤ ਦਾ ਮਾਹੌਲ ਹੈ। ਇਸ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਧਮਾਕਾ ਏਨਾ ਜਬਰਦਸਤ ਸੀ ਕਿ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਸੂਤਰਾਂ ਮੁਤਾਬਕ ਇਸ ਘਟਨਾ ਵਿੱਚ ਤਿੰਨ ਸ਼ੱਕੀ ਸ਼ਾਮਲ ਸਨ। ਇਨ੍ਹਾਂ ਵਿੱਚੋਂ ਇੱਕ ਨੇ ਬੰਬ ਸੁੱਟਿਆ ਜਦੋਂ ਦੋ ਆਟੋ ਰਿਕਸ਼ਾ ਵਿੱਚ ਹੀ ਰਹੇ। ਚੰਡੀਗੜ੍ਹ ਦੇ ਡੀਆਈਜੀ ਅਤੇ ਐੱਸਐੱਸਪੀ ਸਮੇਤ ਹੋਰ ਸੀਨੀਅਰ ਪੁਲੀਸ ਅਧਿਕਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਘਟਨਾ ਸਥਾਨ 'ਤੇ ਪਹੁੰਚ ਗਏ ਹਨ। ਫਾਇਰ ਬ੍ਰਿਗੇਡ ਅਤੇ ਕੌਮੀ ਆਫ਼ਤ ਰਾਹਤ ਬਲ ਦੀਆਂ ਟੀਮਾਂ ਵੀ ਪਹੁੰਚ ਗਈਆਂ ਹਨ।

## ਮਜੀਠੀਆ ਨੇ ਲਾਏ ਭਗਵੰਤ ਮਾਨ ਤੇ ਦੋਸ਼



**ਜਲੰਧਰ, ਬਿੱਟੂ ਫੋਲੜੀਵਾਲ**- ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨੇਤਾ ਤੇ ਨਿਡਰ ਇਨਸਾਨ ਬਿਕਰਮ ਮਜੀਠੀਆ ਨੇ ਭਗਵੰਤ ਮਾਨ ਤੇ ਦੋਸ਼ ਲਾਏ ਹਨ ਕਿ ਈ.ਡੀ. ਨੂੰ ਮਾੜਾ ਬੋਲਣ ਵਾਲਾ ਭਗਵੰਤ ਮਾਨ ਈ.ਡੀ. ਨੂੰ ਹੀ ਮੇਰਾ ਕੇਸ ਭੇਜ ਰਿਹਾ ਹੈ। ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿਹਾ ਕਿ ਇਸ ਸਰਕਾਰ ਦੇ ਪੱਲੇ ਕੁਝ ਨਹੀਂ ਹੈ। ਸਿਰਫ ਧੱਕੇਸ਼ਾਹੀ ਨਾਲ ਸੀ.ਐਮ. ਮੈਨੂੰ ਫਸਾਉਣਾ ਚਾਹੁੰਦਾ ਹੈ।

## ਸੂਬੇ ਵਿਚ ਠੱਗ ਏਜੰਟਾਂ ਦੀ ਹੁਣ ਖੈਰ ਨਹੀਂ





**ਜਲੰਧਰ, ਵਿਸ਼ਾਲ ਸ਼ੈਲੀ** --ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਨੂੰ ਗੈਰ-ਕਾਨੂੰਨੀ ਟਰੈਵਲ ਏਜੰਟਾਂ ਦਾ ਸ਼ਿਕਾਰ ਹੋਣ ਤੋਂ ਬਚਾਉਣ ਲਈ ਪੰਜਾਬ ਪੁਲਸ ਦੇ ਐੱਨਆਰਆਈ ਮਾਮਲੇ ਵਿੰਗ ਅਤੇ ਸਾਈਬਰ ਕ੍ਰਾਈਮ ਵਿੰਗ ਨੇ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ, ਚੰਡੀਗੜ੍ਹ ਦੇ ਤਾਲਮੇਲ ਨਾਲ ਸੋਸ਼ਲ ਮੀਡੀਆ ਤੇ ਵਿਦੇਸ਼ੀ ਨੌਕਰੀਆਂ ਸਬੰਧੀ ਗੈਰ-ਕਾਨੂੰਨੀ ਇਸ਼ਤਿਹਾਰਬਾਜ਼ੀ ਕਰਨ ਦੇ ਦੋਸ਼ ਹੇਠ ਸੂਬੇ ਦੇ 25 ਟਰੈਵਲ ਏਜੰਟਾਂ ਵਿਰੁੱਧ ਮਾਮਲਾ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਪ੍ਰੋਟੈਕਟੋਰੇਟ ਆਫ਼ ਇਮੀਗ੍ਰੈਂਟਸ ਵੱਲੋਂ ਅਜਿਹੀਆਂ ਟਰੈਵਲ ਏਜੰਸੀਆਂ ਵੱਲੋਂ ਵਿਦੇਸ਼ਾਂ ਵਿਚ ਨੌਕਰੀਆਂ ਲਈ ਇੰਸਟਾਗ੍ਰਾਮ ਅਤੇ ਫੇਸਬੁੱਕ ਤੇ ਦਿੱਤੇ ਜਾਂਦੇ ਇਸ਼ਤਿਹਾਰਾਂ ਸਬੰਧੀ ਗੰਭੀਰ ਨੋਟਿਸ ਲਿਆ ਗਿਆ ਹੈ। ਏਡੀਜੀਪੀ ਐੱਨਆਰਆਈ ਮਾਮਲੇ ਪ੍ਰਵੀਨ ਕੇ ਸਿਨਹਾ ਨੇ ਅੱਜ ਦੱਸਿਆ ਕਿ ਇਹ ਟਰੈਵਲ ਏਜੰਸੀਆਂ ਬਿਨਾਂ ਲੋੜੀਂਦੇ ਲਾਇਸੈਂਸ ਅਤੇ ਮਨਜ਼ੂਰੀ ਤੋਂ ਇੰਸਟਾਗ੍ਰਾਮ ਅਤੇ ਫੇਸਬੁੱਕ ਤੇ ਵਿਦੇਸ਼ਾਂ ਵਿਚ ਨੌਕਰੀਆਂ ਦਾ ਇਸ਼ਤਿਹਾਰ ਦੇ ਰਹੀਆਂ ਸਨ।

## ਆਪ ਦੀ ਸਰਕਾਰ ਦੇ ਵਾਅਦੇ ਤੇ ਲਾਰੇ ਤੇ ਇਕ ਨਜ਼ਰ

**ਜਲੰਧਰ, ਲੋਕ ਬਾਣੀ**--ਜੇਹੜੇ ਪੰਜਾਬ ਵਿੱਚ ਚੋਣਾਂ ਤੋਂ ਪਹਿਲੇ ਕਹਿੰਦੇ ਸੀ ਕੇ ਸਾਡੇ ਕੋਲ ਸਾਰੀ ਕਲਕੁਲੇਸ਼ਨ ਆ ਕਿ ਅਸੀਂ ਪੰਜਾਬ ਲਈ ਪੈਸਾ ਕਿੱਥੋਂ ਲੈਕੇ ਆਉਣਾ ਅੱਜ ਓਹਨਾਂ ਨੇ ਪੰਜਾਬ ਦੀ ਹਾਲਤ ਇੰਨੀ ਕੁ ਮਾੜੀ ਕਰ ਦਿੱਤੀ ਆ ਕੇ ਪੰਜਾਬ ਵਿੱਚ ਪੀਣ ਵਾਲਾ ਪਾਣੀ ਗੰਦਾ ਆ ਰਿਹਾ,

ਸੀਵਰੇਜ ਸਾਰੇ ਬੰਦ, ਬੱਸਾਂ ਦਾ ਕਿਰਾਇਆ ਵੱਧ ਕਰਤਾ, ਬਿਜਲੀ ਮਹਿੰਗੀ ਕਰਤੀ, ਮੇਰੀ ਬੇਨਤੀ ਆ ਸਰਕਾਰ ਨੂੰ ਕਿ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸਾਰੇ ਵਿਕਲਪ ਧਿਆਨ ਵਿੱਚ ਲੈਕੇ ਫੈਸਲਾ ਲਿਆ ਕਰੋਜੇਕਰ ਔਰਤਾਂ ਕੋਲੋਂ ਬੱਸ ਕਿਰਾਇਆ ਫਰੀ ਦੇ ਬਦਲੇ 30 % ਲਿਆ ਜਾਂਦਾ ਤੇ 70 ਸਾਲ ਤੋਂ ਉੱਪਰ ਬਜ਼ੁਰਗਾਂ ਨੂੰ ਬੱਸ ਸਫ਼ਰ ਫਰੀ ਕੀਤਾ ਜਾਂਦਾ ਤੇ ਕਿ ਇਸ ਵਾਧੇ ਦੀ ਜ਼ਰੂਰਤ ਪੈਣੀ ਸੀ ???


ਰਾਜੀਵ ਸ਼ਰਮਾ
98151-01551
ASTROLOGER
TV SERIAL KHEL SITARON KA,
DAINIK BHASKAR, THE ASIA TIMES (U.K) & WORLD FOCUS ( CANADA )
SANKAT MOCHAN DARBAR
SHANKAR GARDEN , NEAR INCOME TAX COLONY , JAL.

# ਦਿੱਲੀ ਦੇ ਮੁੱਖ ਮੰਤਰੀ ਨੂੰ ਨਹੀਂ ਮਿਲੀ ਕੋਈ ਰਾਹਤ !! ਕੋਰਟ ਨੇ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਚ 25 ਸਤੰਬਰ ਤੱਕ ਕੀਤਾ ਵਾਧਾ

ਨਵੀਂ ਦਿੱਲੀ (ਲੋਕ ਬਾਣੀ)– ਭ੍ਰਿਸ਼ਟਾਚਾਰ ਨਾਲ ਸਬੰਧਤ ਸ਼ਰਾਬ ਨੀਤੀ ਮਾਮਲੇ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਕੋਈ ਰਾਹਤ ਨਹੀਂ ਮਿਲੀ ਹੈ। ਅਦਾਲਤ ਨੇ ਅਰਵਿੰਦ ਕੇਜਰੀਵਾਲ ਦੀ ਨਿਆਂਇਕ ਹਿਰਾਸਤ 25 ਸਤੰਬਰ ਤੱਕ ਵਧਾ ਦਿੱਤੀ ਗਈ ਹੈ। ਉਨ੍ਹਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਦਿੱਲੀ ਦੀ ਰੌਜ਼ ਐਵੇਨਿਊ ਅਦਾਲਤ ਵਿੱਚ ਪੇਸ਼ ਕੀਤਾ ਗਿਆ।

ਇਸੇ ਮਾਮਲੇ ਚ ਅਦਾਲਤ ਨੇ ਦੋਸ਼ੀ ਅਤੇ ਆਪ ਵਿਧਾਇਕ ਦੁਰਗੇਸ਼ ਪਾਠਕ ਨੂੰ 1 ਲੱਖ ਰੁਪਏ ਦੇ ਜ਼ਮਾਨਤੀ ਬਾਂਡ ਤੇ ਜ਼ਮਾਨਤ ਦੇ ਦਿੱਤੀ ਹੈ। ਸਪਲੀਮੈਂਟਰੀ ਚਾਰਜਸ਼ੀਟ ਦਾਇਰ ਹੋਣ ਤੋਂ ਬਾਅਦ ਸੀਬੀਆਈ ਦੇ ਸੰਮਨ ਤੇ ਉਹ ਅਦਾਲਤ ਚ ਪੇਸ਼ ਹੋਏ ਹਨ।

ਦਰਅਸਲ, ਸੀਬੀਆਈ ਨੇ ਰਾਊਸ ਐਵੇਨਿਊ ਕੋਰਟ ਵਿੱਚ ਅਰਵਿੰਦ ਕੇਜਰੀਵਾਲ, ਦੁਰਗੇਸ਼ ਪਾਠਕ, ਵਿਨੋਦ ਚੌਹਾਨ, ਆਸ਼ੀਸ਼ ਮਾਥੁਰ, ਸਰਥ ਰੈਡੀ ਦੇ ਖਿਲਾਫ ਸਪਲੀਮੈਂਟਰੀ ਚਾਰਜਸ਼ੀਟ ਪੇਸ਼ ਕੀਤੀ ਸੀ। ਅਦਾਲਤ ਨੇ 3 ਸਤੰਬਰ ਨੂੰ ਚਾਰਜਸ਼ੀਟ ਦਾ ਨੋਟਿਸ ਲਿਆ ਸੀ।ਅਦਾਲਤ ਨੇ ਸਾਰੇ ਮੁਲਜ਼ਮਾਂ ਨੂੰ ਅੱਜ ਯਾਨੀ 11 ਸਤੰਬਰ ਤੱਕ ਅਦਾਲਤ ਵਿੱਚ ਪੇਸ਼ ਹੋ ਕੇ ਜਵਾਬ ਦਾਖ਼ਲ



ਕਰਨ ਲਈ ਕਿਹਾ ਹੈ। ਜਵਾਬ ਦਾਇਰ ਹੋਣ ਤੋਂ ਬਾਅਦ ਅਦਾਲਤ ਨੇ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਵਧਾ ਦਿੱਤੀ ਅਤੇ ਦੁਰਗੇਸ਼ ਪਾਠਕ ਨੂੰ ਜ਼ਮਾਨਤ ਦੇ ਦਿੱਤੀ।

ਕੇਜਰੀਵਾਲ ਨੇ ਸੀਬੀਆਈ ਮਾਮਲੇ ਵਿੱਚ ਗ੍ਰਿਫ਼ਤਾਰੀ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਹੈ। ਨੇ 5 ਸਤੰਬਰ ਨੂੰ ਮਾਮਲੇ ਦੀ ਸੁਣਵਾਈ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਇਸ ਦੇ ਨਾਲ ਹੀ ਕੇਜਰੀਵਾਲ ਨੂੰ ਈਡੀ ਮਾਮਲੇ ਚ ਸੁਪਰੀਮ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ।

# ਵਿਜੀਲੈਂਸ ਬਿਊਰੋ ਨੇ 5 ਲੱਖ ਰੁਪਏ ਰਿਸ਼ਵਤ ਲੈਣ ਵਾਲੇ ਪਟਵਾਰੀ ਨੂੰ ਭ੍ਰਿਸ਼ਟਾਚਾਰ ਦੇ ਕੇਸ ਚ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ, (ਲੋਕ ਬਾਣੀ) – ਪੰਜਾਬ ਵਿਜੀਲੈਂਸ ਬਿਊਰੋ ਨੇ ਪਿੰਡ ਕੂਰਾਂ, ਤਹਿਸੀਲ ਨੂਰਪੁਰਬੇਦੀ, ਵਿਖੇ ਜੰਗਲਾਤ ਵਿਭਾਗ, ਪੰਜਾਬ ਦੀ ਜ਼ਮੀਨ ਦਾ ਗੈਰ-ਕਾਨੂੰਨੀ ਤਬਾਦਲਾ/ਇੰਤਕਾਲ ਕਰਨ ਦੇ ਦੋਸ਼ ਹੇਠ ਰੂਪਨਗਰ ਜ਼ਿਲ੍ਹੇ ਦੇ ਮਾਲ ਸਰਕਲ ਡੂਮੇਵਾਲ, ਤਹਿਸੀਲ ਨੰਗਲ ਵਿਖੇ ਤਾਇਨਾਤ ਪਟਵਾਰੀ (ਹੁਣ ਕਾਨੂੰਗੋ) ਕੁਲਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।




ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਨੂਰਪੁਰਬੇਦੀ, ਰੂਪਨਗਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7ਏ, 8, 13 ਅਤੇ ਆਈਪੀਸੀ ਦੀ ਧਾਰਾ 420, 465, 467, 468, 471, 120-ਬੀ ਤਹਿਤ ਪਹਿਲਾਂ ਹੀ ਮੁਕੱਦਮਾ ਨੰਬਰ 69, ਮਿਤੀ 28.06.2022 ਤਹਿਤ ਕੇਸ ਦਰਜ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸਾਲ 2020 ਵਿੱਚ ਰਾਜ ਦੇ ਮਾਲ ਵਿਭਾਗ ਅਤੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨੇ ਹੋਰ ਵਿਅਕਤੀਆਂ ਨਾਲ ਮਿਲੀਭੁਗਤ ਕਰਕੇ ਤਹਿਸੀਲ ਨੂਰਪੁਰਬੇਦੀ ਦੇ ਪਿੰਡ ਕੂਰਾਂ ਦੀ 54 ਏਕੜ ਦੀ ਜ਼ਮੀਨ ਮਹਿੰਗੇ ਭਾਅ ਤੇ ਜੰਗਲਾਤ ਵਿਭਾਗ ਦੇ ਨਾਂ ‘ਤੇ ਰਜਿਸਟਰੀ ਕਰਵਾਈ ਸੀ, ਜਿਸ ਕਰਕੇ ਰਾਜ ਸਰਕਾਰ ਨੂੰ 5.35 ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ।

ਬੁਲਾਰੇ ਨੇ ਅੱਗੇ ਦੱਸਿਆ ਕਿ ਉਕਤ ਪਟਵਾਰੀ ਕੁਲਦੀਪ ਸਿੰਘ ਨੇ ਹੋਰ ਵਿਅਕਤੀਆਂ ਨਾਲ ਮਿਲੀਭੁਗਤ ਕਰਕੇ ਜ਼ਮੀਨ ਦਾ ਇਹ ਗੈਰ-ਕਾਨੂੰਨੀ/ਫ਼ਰਜੀ ਤਬਾਦਲਾ ਦਰਜ ਕਰਵਾਇਆ ਅਤੇ ਉਸ ਸਮੇਂ ਦੇ ਨਾਇਬ-ਤਹਿਸੀਲਦਾਰ ਰਘਵੀਰ ਸਿੰਘ ਦੀ ਮਿਲੀਭੁਗਤ ਨਾਲ 73 ਫਰਜ਼ੀ ਇੰਤਕਾਲ ਅਤੇ ਤਬਾਦਲੇ ਮਨਜ਼ੂਰ ਕਰਵਾਏ। ਉਨ੍ਹਾਂ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਪਾਇਆ ਗਿਆ ਕਿ ਉਕਤ ਮੁਲਜ਼ਮ ਨੇ ਇਸ ਕੰਮ ਬਦਲੇ 15.09.2020 ਨੂੰ ਰਿਸ਼ਵਤ ਵਜੋਂ 5 ਲੱਖ ਰੁਪਏ ਲਏ ਸਨ ਅਤੇ ਆਪਣੀ ਪਤਨੀ ਸਨਪ੍ਰੀਤ ਸੇਖੋਂ ਦੇ ਅੰਮ੍ਰਿਤਸਰ ਸਥਿਤ ਇੱਕ ਪੁਰਾਣੇ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੇ ਸਨ।

ਉਨ੍ਹਾਂ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਪਟਵਾਰੀ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਤਫਤੀਸ਼ ਜਾਰੀ ਹੈ।

# ਪੁਲਿਸ ਚ ਕਾਲੀਆਂ ਭੇਡਾਂ ਦੀ ਜੂਨ ਚ ਪਛਾਣ ਕਰਨ ਦੀ ਆਪ ਦੀ ਪ੍ਰਕਿਰਿਆ ਤੋਂ ਬਾਅਦ ਬਾਜਵਾ ਨੇ ਸਰਕਾਰ ਨੂੰ ਡੀਜੀਪੀ ਦੇ ਦਾਅਵੇ ਦੀ ਯਾਦ ਦਿਵਾਈ

ਚੰਡੀਗੜ੍ਹ,(ਲੋਕ ਬਾਣੀ)– ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਵਿੱਚ ਕਾਲੀਆਂ ਭੇਡਾਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਬਾਅਦ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਬੁੱਧਵਾਰ ਨੂੰ ਆਪ ਸਰਕਾਰ ਨੂੰ ਕਾਰਜਕਾਰੀ ਡੀਜੀਪੀ ਦੇ ਉਸ ਦਾਅਵੇ ਦੀ ਯਾਦ ਦਿਵਾਈ ਕਿ ਪੰਜਾਬ ਪੁਲਿਸ ਦੇ ਜਵਾਨ ਦਾਗ਼ੀ ਨਹੀਂ ਹਨ।

ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰਾਂ ਅਤੇ ਪੁਲਿਸ ਫੋਰਸ ਦੇ ਇੱਕ ਹਿੱਸੇ ਦਰਮਿਆਨ ਗੱਠਜੋੜ ਨੂੰ ਤੋੜਨ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਸਾਲ ਜੂਨ ਵਿੱਚ 10,000 ਪੁਲਿਸ ਮੁਲਾਜ਼ਮਾਂ ਦੇ ਤਬਾਦਲੇ ਕੀਤੇ ਸਨ। ਹਾਲਾਂਕਿ, ਪੰਜਾਬ ਦੇ ਡੀਜੀਪੀ ਨੇ ਇੱਕ ਅਖ਼ਬਾਰ ਨੂੰ ਇੰਟਰਵਿਊ ਦੌਰਾਨ ਮੁੱਖ ਮੰਤਰੀ ਦੇ ਦੋਸ਼ਾਂ ਵਿਰੁੱਧ ਪੰਜਾਬ ਪੁਲਿਸ ਦਾ ਬਚਾਅ ਕੀਤਾ ਸੀ।

ਬਾਜਵਾ ਕਿਹਾ ਕਿ 10,000 ਪੁਲਿਸ ਫੋਰਸ ਦੇ ਤਬਾਦਲੇ ਤੋਂ ਬਾਅਦ ਕੀ ਪੰਜਾਬ ਦੇ ਮੁੱਖ ਮੰਤਰੀ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾ ਸਕੇ ਹਨ ? ਨਹੀਂ। ਕਿਉਂਕਿ ਸਿਰਫ਼ ਤਬਾਦਲੇ ਨਾਲ ਨਸ਼ਾ ਤਸਕਰੀ ਅਤੇ ਨਸ਼ਿਆਂ ਦੀ ਦੁਰਵਰਤੋਂ ਦਾ ਮੁੱਦਾ ਹੱਲ ਨਹੀਂ ਹੋਵੇਗਾ। ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ-ਕਮ-ਗ੍ਰਹਿ ਮੰਤਰੀ ਹੁਣ ਤੱਕ ਨਸ਼ਿਆਂ ਅਤੇ ਵਿਗੜਦੀ ਕਾਨੂੰਨ ਵਿਵਸਥਾ ਬਾਰੇ ਸਾਰਥਿਕ ਨਤੀਜੇ ਦੇਣ ਵਿੱਚ ਅਸਫਲ ਰਹੇ ਹਨ।

ਪੰਜਾਬ ਪੁਲਿਸ ਵਿੱਚ ਕਾਲੀਆਂ ਭੇਡਾਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਨੂੰ ਮਹਿਜ਼ ਵਿਅਰਥ ਕਾਰਵਾਈ ਕਰਾਰ ਦਿੰਦਿਆਂ ਬਾਜਵਾ ਨੇ ਕਿਹਾ ਕਿ ਆਪ ਸਰਕਾਰ ਆਪਣੀਆਂ ਨਾਕਾਮੀਆਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ, ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹੈ, ਅਮਨ-ਕਾਨੂੰਨ ਦੀ ਸਥਿਤੀ ਨੂੰ ਸੁਚਾਰੂ ਬਣਾਉਣ ਅਤੇ ਨਿਰਧਾਰਿਤ ਸਮੇਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੇ ਹਨ। ਬਾਜਵਾ ਨੇ ਕਿਹਾ ਕਿ ਇਸ ਦੌਰਾਨ ਪੰਜਾਬ ਦੇ ਲੋਕਾਂ ਨੇ ਅਯੋਗ ਪੰਜਾਬ



ਸਰਕਾਰ ਦੀ ਅਸਲੀਅਤ ਜਾਣ ਲਈ ਹੈ, ਜਿਸ ਕਰ ਕੇ ਆਪ ਅਜਿਹੀਆਂ ਚਾਲਾਂ ਨਾਲ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਜਦੋਂ ਤੋਂ ਆਪ ਨੇ ਪੰਜਾਬ ਵਿੱਚ ਸੱਤਾ ਹਾਸਲ ਕੀਤੀ ਹੈ, ਗੈਂਗ ਕ੍ਰਾਈਮ, ਬੰਦੂਕ ਅਪਰਾਧ, ਜਬਰੀ ਵਸੂਲੀ ਅਤੇ ਨਸ਼ਾ ਤਸਕਰੀ ਵਿੱਚ ਵਾਧਾ ਹੋਇਆ ਹੈ। ਅਜਿਹਾ ਲੱਗਦਾ ਹੈ ਕਿ ਆਪ ਸਰਕਾਰ ਨੇ ਆਪਣੇ ਆਪ ਨੂੰ ਅਪਰਾਧੀਆਂ ਅੱਗੇ ਸਮਰਪਣ ਕਰ ਦਿੱਤਾ ਹੈ।

# ED ਨੇ ਬਿਕਰਮ ਮਜੀਠੀਆ ਵਿਰੁੱਧ ਡਰੱਗ ਮਾਮਲੇ ਚ SIT ਤੋਂ ਰਿਕਾਰਡ ਮੰਗਿਆ

ਚੰਡੀਗੜ੍ਹ:-(ਲੋਕ ਬਾਣੀ) ਪੰਜਾਬ ਚ ਬਹੁਤ ਕਰੋੜੀ ਭੋਲਾ ਡਰੱਗ ਮਾਮਲੇ ਵਿੱਚ ਮੁਕਦਮਿਆਂ ਦਾ ਸਾਹਮਣਾ ਕਰ ਰਹੇ ਅਕਾਲੀ ਆਗੂਆਂ ਤੇ ਸਾਬਕਾ ਮੰਤਰੀ ਬਿਕਰਮ



ਸਿੰਘ ਮਜੀਠੀਆ ਦੀਆਂ ਹੋਰ ਮੁਸ਼ਕਲਾ ਵੱਧਦੀਆਂ ਨਜ਼ਰ ਆ ਰਹੀਆਂ ਹਨ । ਖਬਰ ਵਾਲੇ ਡਾਟ ਕਾਮ ਨੂੰ ਸੂਤਰਾਂ ਦੇ ਹਵਾਲੇ ਤੋਂ ਮਿਲੀ ਜਾਣਕਾਰੀ ਅਨੁਸਾਰ ਪਤਾ ਲੱਗਾ ਹੈ ਕਿ ਈਡੀ ਨੇ ਐਸਆਈਟੀ ਦੀ ਰਿਪੋਰਟ ਤੇ ਨੋਟਿਸ ਲਿਆ ਹੈ ਅਤੇ ਮਾਮਲੇ ਦੀ ਜਾਂਚ ਕਰ ਰਹੀ ਐਸਆਈਟੀ ਤੋਂ ਹੇਠਾਂ ਦਿੱਤੇ ਵੇਰਵੇ ਮੰਗੇ ਹਨ।

1. FIR ਵੇਰਵੇ
2. ਜਾਂਚ ਦੀ ਸਥਿਤੀ
3. ਗਵਾਹਾਂ ਦੇ ਬਿਆਨ
4. 284 ਬੈਂਕ ਖਾਤਿਆਂ ਦਾ ਵੇਰਵਾ। ਬੇਹਿਸਾਬ ਨਕਦੀ ਦੇ ਕੋਰ ਬਹੁਤ ਸਾਰੇ ਖਾਤਿਆਂ ਵਿੱਚ ਜਮ੍ਹਾਂ ਕੀਤੇ ਗਏ ਹਨ।
5. ਉਸ ਦੀਆਂ ਪਰਿਵਾਰਕ ਫਰਮਾਂ ਅਤੇ ਮੈਂਬਰਾਂ ਦੇ ਆਰਓਸੀ ਰਿਕਾਰਡ ਅਤੇ ਆਈਟੀਆਰ ਦੀ ਕਾਪੀ, ਕਿਉਂਕਿ ਉਨ੍ਹਾਂ ਦੀ ਆਮਦਨ ਕੀਤੀ ਗਈ ਜਾਇਦਾਦ ਅਤੇ ਖਰਚਿਆਂ ਤੋਂ ਘੱਟ ਸੀ
6. ਵਿੱਤੀ ਦਸਤਾਵੇਜ਼: ਸਰਾਇਆ ਉਦਯੋਗ ਅਤੇ ਸੰਬੰਧਿਤ ਫਰਮਾਂ।
7. ਜ਼ਮੀਨੀ ਰਿਕਾਰਡ। ਵੱਖ-ਵੱਖ ਜ਼ਮੀਨਾਂ ਦੇ ਸੌਦਿਆਂ ਅਤੇ ਮੁੱਲਾਂ ਵਿੱਚ ਅਚਾਨਕ ਵਾਧਾ ਹੋਇਆ।
8. ਵਿੱਤੀ ਮਾਹਰ ਦੀ ਰਿਪੋਰਟ.ਜ਼ਿਕਰਯੋਗ ਹੈ ਕਿ ਐਸਆਈਟੀ ਨੇ ਵਿਦੇਸ਼ੀ ਕੰਪਨੀਆਂ ਅਤੇ ਪਰਿਵਾਰਕ ਫਰਮਾਂ ਤੋਂ 436 ਕਰੋੜ ਤੋਂ ਵੱਧ ਦੀ ਮਨੀ ਲਾਂਡਰਿੰਗ ਅਤੇ ਵੱਡੀ ਨਕਦੀ ਜਮ੍ਹਾ ਕਰਵਾਉਣ ਅਤੇ ਪਰਿਵਾਰਕ ਫਰਮਾਂ ਦੇ ਇੱਕ ਹੀ ਪਤੇ ਤੇ ਸ਼ੱਕੀ ਸ਼ਮੂਲੀਅਤ ਦਾ ਪਰਦਾਫਾਸ਼ ਕੀਤਾ ਹੈ।

# ਸ਼ੰਭੂ ਬਾਰਡਰ ਮਾਮਲੇ ਚ ਹਾਈ ਪਾਵਰ ਕਮੇਟੀ ਦੀ ਹੋਈ ਮੀਟਿੰਗ, ਅਧਿਕਾਰੀਆਂ ਨਾਲ ਮੀਟਿੰਗ ਕਰਕੇ ਬਣਾਈ ਅਗਲੀ ਰਣਨੀਤੀ

ਚੰਡੀਗੜ੍ਹ (ਲੋਕ ਬਾਣੀ)–ਪਿਛਲੇ 6 ਮਹੀਨਿਆਂ ਤੋਂ ਬੰਦ ਪਏ ਸ਼ੰਭੂ ਬਾਰਡਰ ਨੂੰ ਖੋਲ੍ਹਣ ਲਈ ਸੁਪਰੀਮ ਕੋਰਟ ਵੱਲੋਂ ਗਠਿਤ ਪਾਵਰਕੌਮ ਕਮੇਟੀ ਦੀ ਪਹਿਲੀ ਮੀਟਿੰਗ ਅੱਜ (ਬੁੱਧਵਾਰ) ਚੰਡੀਗੜ੍ਹ ਸਥਿਤ ਹਰਿਆਣਾ ਭਵਨ ਵਿਖੇ ਹੋਈ। ਇਸ ਵਿੱਚ ਪੰਜਾਬ ਅਤੇ ਹਰਿਆਣਾ ਦੇ ਮੁੱਖ ਸਕੱਤਰ ਅਤੇ ਡੀਜੀਪੀ ਸਮੇਤ ਕਈ ਅਧਿਕਾਰੀ ਮੌਜੂਦ ਸਨ।ਇਹ ਮੀਟਿੰਗ ਸੇਵਾਮੁਕਤ ਜਸਟਿਸ ਨਵਾਬ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਕਰੀਬ ਦੋ ਘੰਟੇ ਚੱਲੀ ਇਸ ਮੀਟਿੰਗ ਵਿੱਚ ਹਰ ਮੁੱਦੇ ਤੇ ਚਰਚਾ ਕੀਤੀ ਗਈ। ਇਸ ਦੇ ਨਾਲ ਹੀ ਆਉਣ ਵਾਲੇ ਦਿਨਾਂ ਵਿੱਚ ਕਮੇਟੀ ਵੱਲੋਂ ਸੰਘਰਸ਼ ਵਿੱਢ ਰਹੇ ਕਿਸਾਨਾਂ ਨਾਲ ਮੀਟਿੰਗ ਕੀਤੀ ਜਾਵੇਗੀ। ਹਾਲਾਂਕਿ ਮੀਟਿੰਗ ਤੋਂ ਬਾਅਦ ਨਾ ਤਾਂ ਪੰਜਾਬ ਅਤੇ ਨਾ ਹੀ ਹਰਿਆਣਾ ਦੇ ਅਧਿਕਾਰੀਆਂ ਨੇ ਮੀਡੀਆ ਨਾਲ ਗੱਲ ਕੀਤੀ। ਉਹ ਸਿੱਧਾ ਆਪਣੀਆਂ ਗੱਡੀਆਂ ਚ ਬੈਠ ਕੇ ਅੱਗੇ ਚਲੇ ਗਏ।

ਦੱਸ ਦੇਈਏ ਕਿ 9 ਦਿਨ ਪਹਿਲਾਂ ਸੁਪਰੀਮ ਕੋਰਟ ਵਿੱਚ ਸ਼ੰਭੂ ਬਾਰਡਰ ਮਾਮਲੇ ਦੀ ਸੁਣਵਾਈ ਹੋਈ ਸੀ। ਸੁਪਰੀਮ ਕੋਰਟ ਨੇ ਇਸ ਦੌਰਾਨ ਹਾਈ ਪਾਵਰ ਕਮੇਟੀ ਦਾ ਗਠਨ ਕੀਤਾ ਸੀ। ਨਾਲ ਹੀ ਕਿਹਾ ਕਿ ਅਸੀਂ ਮੁੱਦਿਆਂ ਦਾ ਫੈਸਲਾ ਨਹੀਂ ਕਰ ਰਹੇ ਹਾਂ। ਇਹ ਅਧਿਕਾਰ ਕਮੇਟੀ ਨੂੰ ਦਿੱਤਾ ਜਾ ਰਿਹਾ ਹੈ। ਇਸ ਕਮੇਟੀ ਵਿੱਚ ਪੰਜਾਬ ਅਤੇ ਹਰਿਆਣਾ ਦੇ ਅਧਿਕਾਰੀ ਵੀ ਸ਼ਾਮਲ ਹਨ। ਹਾਈ ਪਾਵਰ ਕਮੇਟੀ ਨੂੰ ਅੰਦੋਲਨਕਾਰੀ ਕਿਸਾਨਾਂ ਤੱਕ ਪਹੁੰਚ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਟਰੈਕਟਰ ਹਟਾਉਣ



ਦੀ ਬੇਨਤੀ ਕਰਨੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਇਹ ਵੀ ਸਲਾਹ ਦਿੱਤੀ ਕਿ ਇਸ ਮਾਮਲੇ ਦਾ ਸਿਆਸੀਕਰਨ ਨਾ ਕੀਤਾ ਜਾਵੇ। ਮੁੱਦੇ ਬਹੁਤ ਸੰਵੇਦਨਸ਼ੀਲ ਹਨ, ਇਸ ਲਈ ਸੰਤੁਲਿਤ ਪਹੁੰਚ ਅਪਣਾਈ ਜਾਣੀ ਚਾਹੀਦੀ ਹੈ।

# 6.33 ਕਰੋੜ ਦੀ ਲਾਗਤ ਨਾਲ ਹੋਵੇਗੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਚੌਥੀ ਮੰਜ਼ਿਲ ਦੀ ਉਸਾਰੀ: ਮੀਤ ਹੇਅਰ

ਬਰਨਾਲਾ/ਹੰਢਿਆਇਆ, (ਲੋਕ ਬਾਣੀ) ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਬਰਨਾਲਾ ਵਿੱਚ ਕਰੋੜਾਂ ਦੀ ਲਾਗਤ ਵਾਲੇ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਦੇ ਨੀਂਹ ਪੱਥਰ ਰੱਖੇ।

ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਚੌਥੀ ਮੰਜ਼ਿਲ ਦੀ ਉਸਾਰੀ ਦਾ ਨੀਂਹ ਪੱਥਰ ਰੱਖਣ ਮੌਕੇ ਉਨ੍ਹਾਂ ਆਖਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀਆਂ ਪਹਿਲਾਂ 3 ਮੰਜ਼ਿਲਾਂ ਹਨ ਅਤੇ ਹੁਣ ਕਰੀਬ 6.33 ਕਰੋੜ ਦੀ ਲਾਗਤ ਨਾਲ ਚੌਥੀ ਮੰਜ਼ਿਲ ਦੀ ਉਸਾਰੀ ਕੀਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਚੌਥੀ ਮੰਜ਼ਿਲ ਦੀ ਉਸਾਰੀ ਨਾਲ ਵਿਭਾਗਾਂ ਨੂੰ ਦਫ਼ਤਰਾਂ ਦੀ ਆਉਂਦੀ ਮੁਸ਼ਕਿਲ ਹੱਲ ਹੋ ਜਾਵੇਗੀ ਅਤੇ ਲੋਕਾਂ ਨੂੰ ਵੀ ਇਕੋ ਜਗਾ ਕੰਮ ਕਰਵਾਉਣ ਵਿੱਚ ਸੌਖ ਹੋ ਜਾਵੇਗੀ।

ਇਸ ਮੌਕੇ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਇਸ ਮੌਕੇ ਸ੍ਰੀ ਮੀਤ ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਬਰਨਾਲਾ ਦੇ ਵਿਕਾਸ ਪ੍ਰੋਜੈਕਟਾਂ ਲਈ ਫੰਡਾਂ ਦੀ ਕੋਈ ਕਸਰ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਬਰਨਾਲਾ ਲਈ ਇੰਨੇ ਫੰਡ ਕਦੇ ਜਾਰੀ ਨਹੀਂ ਹੋਏ, ਜਿੰਨੇ ਮਾਨ ਸਰਕਾਰ ਵਲੋਂ ਜਾਰੀ ਕੀਤੇ ਜਾ ਰਹੇ ਹਨ।



ਇਸ ਮੌਕੇ ਮੀਡੀਆ ਨਾਲ ਗੱਲ ਕਰਦੇ ਹੋਏ ਉਨ੍ਹਾਂ ਆਖਿਆ ਕਿ ਅੱਜ ਕਰੀਬ 9.50 ਕਰੋੜ ਦੇ ਵੱਖ ਵੱਖ ਕੰਮਾਂ ਦੇ ਨੀਂਹ ਪੱਥਰ ਰੱਖੇ ਜਾਣੇ ਹਨ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਜਲ ਸਪਲਾਈ ਅਤੇ ਸੀਵਰੇਜ ਦੇ ਕਰੀਬ 104 ਕਰੋੜ ਦੇ ਕੰਮ ਸ਼ੁਰੂ ਕਰਵਾਉਣਗੇ, ਜਿਨ੍ਹਾਂ ਵਿੱਚ 87 ਕਰੋੜ ਰੁਪਏ ਦਾ ਕੰਮ ਸਿਰਫ ਬਰਨਾਲਾ ਦਾ ਹੈ।

ਇਸ ਤੋਂ ਪਹਿਲਾਂ ਅੱਜ ਉਨ੍ਹਾਂ ਹੰਡਿਆਇਆ ਵਿਖੇ ਲੋਕਾਂ ਦੇ ਪੀਣ ਵਾਲੇ ਪਾਣੀ ਦੇ ਮਸਲੇ ਦੇ ਹੱਲ ਲਈ ਨਵੇਂ ਟਿਊਬਵੈੱਲ ਦੇ 47.88 ਲੱਖ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਇਸ ਤੋਂ ਇਲਾਵਾ 32.50 ਲੱਖ ਦੀ ਲਾਗਤ ਨਾਲ ਗੁਰੂ ਤੇਗ ਬਹਾਦਰ ਸਟੇਡੀਅਮ ਦੇ ਨਵੀਨੀਕਰਨ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਹੰਡਿਆਇਆ ਦੇ ਨੌਜਵਾਨਾਂ ਦਾ ਬਾਸਕਿਟਬਾਲ ਅਤੇ ਨੈੱਟਬਾਲ ਵੱਖ ਰੁਝਾਨ ਦੇਖਦੇ ਹੋਏ ਨਵੇਂ ਸਟੇਡੀਅਮ ਵਿੱਚ ਵੱਖ ਵੱਖ ਖੇਡ ਮੈਦਾਨ ਬਣਾਏ ਜਾਣਗੇ ਤਾਂ ਜੋ ਸਾਡੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਸਕੇ।

ਇਸ ਮਗਰੋਂ ਉਨ੍ਹਾਂ ਸ਼ਹੀਦ ਜੀਤਾ ਸਿੰਘ ਨਗਰ ਵਿੱਚ 50.75 ਲੱਖ ਰੁਪਏ ਦੀ ਲਾਗਤ ਵਾਲੇ ਕੰਮਾਂ ਦਾ ਨੀਂਹ ਪੱਥਰ ਰੱਖਿਆ।

ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਸ੍ਰੀ ਰਾਮ ਤੀਰਥ ਮੰਨਾ, ਓਐਸਡੀ ਹਸਨਪ੍ਰੀਤ ਭਾਰਦਵਾਜ, ਹਰਿੰਦਰ ਧਾਲੀਵਾਲ, ਰੋਹਿਤ ਓਸ਼ੋ ਤੇ ਹੋਰ ਪਤਵੰਤੇ ਅਤੇ ਅਧਿਕਾਰੀ ਹਾਜ਼ਰ ਸਨ।

# ਮਲਾਇਕਾ ਅਰੋੜਾ ਦੇ ਪਿਤਾ ਅਨਿਲ ਅਰੋੜਾ ਨੇ ਕਰੀ ਖੁਦਕੁਸ਼ੀ



(ਲੋਕ ਬਾਣੀ) ਮਲਾਇਕਾ ਅਰੋੜਾ ਦੇ ਪਿਤਾ ਅਨਿਲ ਅਰੋੜਾ ਨੇ ਬੁੱਧਵਾਰ ਸਵੇਰੇ ਮੁੰਬਈ ਦੇ ਬਾਂਦਰਾ ਵਿੱਚ ਇੱਕ ਰਿਹਾਇਸ਼ੀ ਇਮਾਰਤ ਦੀ ਛੇਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਅਭਿਨੇਤਾ ਦੇ 5∅ 8🠉↔✡▲✪➢ ਅਰਬਾਜ਼ ਖਾਨ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਉਸਦੀ ਰਿਹਾਇਸ਼ ਤੇ ਦੇਖਿਆ ਗਿਆ। ਸੂਤਰਾਂ ਮੁਤਾਬਕ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਘਟਨਾ ਕਥਿਤ ਤੌਰ ਤੇ ਮੁੰਬਈ ਦੇ ਬਾਂਦਰਾ ਵੈਸਟ ਵਿੱਚ ਉਨ੍ਹਾਂ ਦੇ ਪਰਿਵਾਰਕ ਰਿਹਾਇਸ਼ ਆਇਸ਼ਾ ਮਨੋਰ ਵਿੱਚ ਸਵੇਰੇ 10.30 ਵਜੇ ਦੇ ਕਰੀਬ ਵਾਪਰੀ।

# ਭਾਰਤ ਵਿਕਾਸ ਪ੍ਰੀਸ਼ਦ ਨੇ ਸਰਕਾਰੀ ਕਾਲਜ ਦੇ ਸਹਿਯੋਗ ਨਾਲ ਲਾਇਆ ਖੂਨਦਾਨ ਕੈਂਪ

ਡੇਰਾਬਸੀ,(ਲੋਕ ਬਾਣੀ)ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਰਕਾਰੀ ਕਾਲਜ ਦੇ ਐਨ. ਐਸ. ਐਸ ਯੂਨਿਟ ਦੇ ਸਹਿਯੋਗ ਨਾਲ ਕਾਲਜ ਕੈਂਪਸ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ ⇩ ਜਿਸ ਵਿੱਚ 50 ਵਿਆਕਤੀਆਂ ਵੱਲੋਂ ਖ਼ੂਨਦਾਨ ਕੀਤਾ ਗਿਆ ⇩



ਜਾਣਕਾਰੀ ਦਿੰਦਿਆਂ ਪ੍ਰੀਸ਼ਦ ਦੇ ਸਕੱਤਰ ਅਤੇ ਸਮਾਜ ਸੇਵੀ ਪਰਮਜੀਤ ਰੰਮੀ ਸੈਣੀ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸੰਸਕ੍ਰਿਤਿਕ ਸਪਤਾਹ ਮਨਾਉਂਦਿਆਂ ਸਮਾਜ ਸੇਵਾ ਦੇ ਕੰਮਾਂ ਦੀ ਲੜੀ ਲਗਾਤਾਰ ਜਾਰੀ ਹੈ ⇩ ਇਸੇ ਤਹਿਤ ਬੁਧਵਾਰ ਨੂੰ ਸਰਕਾਰੀ ਕਾਲਜ ਡੇਰਾਬੱਸੀ ਵਿਖੇ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਕਲਾਜ ਦੇ ਐਨ ਐਸ ਯੂਨਿਟ ਦੇ ਸਹਿਯੋਗ ਨਾਲ ਪ੍ਰਿੰਸੀਪਲ ਸੁਜਾਤਾ ਕੌਸਲ ਦੀ ਅਗਵਾਈ ਹੇਠ ਕਾਲਜ ਕੈਂਪਸ ਵਿੱਚ ਖ਼ੂਨਦਾਨ ਕੈਂਪ ਲਾਇਆ ਗਿਆ ⇩
ਜਿਸ ਵਿੱਚ ਸਿਵਲ ਹਸਪਤਾਲ ਮੋਹਾਲੀ ਦੇ ਡਾਕਟਰਾਂ ਦੀ ਟੀਮ ਵੱਲੋਂ 50 ਯੂਨਿਟ ਖ਼ੂਨ ਇਕੱਤਰ ਗਿਆ ⇩ ਉਨ੍ਹਾਂ ਦੱਸਿਆ ਕਿ ਡੇਰਾਬੱਸੀ ਦੇ ਰਵਿੰਦਰ ਵੈਸ਼ਨਵ ਨੇ ਆਪਣੀ 57 ਸਾਲ ਦੀ ਉਮਰ ਵਿੱਚ 57 ਵੀਂ ਵਾਰ ਖ਼ੂਨਦਾਨ ਕੀਤਾ ਗਿਆ ⇩ ਇਸ ਮੌਕੇ ਐਸਐਮਓ ਡੇਰਾਬੱਸੀ ਡਾਕਟਰ ਧਰਮਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ ⇩ ਭਾਰਤ ਵਿਕਾਸ ਪ੍ਰੀਸ਼ਦ ਅਤੇ ਪ੍ਰਿੰਸੀਪਲ ਸੁਜਾਤਾ ਕੌਸਲ ਵੱਲੋਂ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਸੁਜਾਤਾ ਕੌਸਲ ਨੇ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਮਹਾਦਾਨ ਹੈ , ਜਿਸ ਨਾਲ ਅਸੀਂ ਕਿਸੇ ਦੀ ਜ਼ਿੰਦਗੀ ਬਚਾ ਸਕਦੇ ਹਾਂ ⇩ ਸਾਨੂੰ ਸਮੇਂ-ਸਮੇਂ ਤੇ ਖ਼ੂਨਦਾਨ ਕਰਦੇ ਰਹਿਣਾ ਚਾਹੀਦਾ ਹੈ ⇩ ਇਸ ਮੌਕੇ ਕਾਲਜ ਦੇ 21 ਸਟਾਫ ਮੈਂਬਰ ਅਤੇ ਵਲੰਟੀਅਰਾਂ ਨੇ ਖ਼ੂਨਦਾਨ ਕੀਤਾ।
ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋਫੈਸਰ ਆਮੀ ਭੱਲਾ, ਡਾ ਅਮਰਜੀਤ ਕੌਰ , ਪੂਰਬੀ ਪੰਜਾਬ ਦੇ ਵਾਈਸ ਪ੍ਰਧਾਨ ਸ਼ਸ਼ੀਲ ਬਿਆਸ, ਪ੍ਰੀਸ਼ਦ ਦੇ ਪ੍ਰਧਾਨ ਸੁਰਿੰਦਰ ਅਰੋੜਾ, ਸਕੱਤਰ ਹਤਿੰਦਰ ਮੋਹਨ ਸ਼ਰਮਾ, ਖਜਾਨਚੀ ਵਿਸ਼ਾਲ ਸ਼ਰਮਾ, ਪ੍ਰੋ. ਰਵਿੰਦਰ ਸਿੰਘ, ਪ੍ਰੋ. ਬੋਮਿੰਦਰ ਕੌਰ, ਪ੍ਰੋ. ਬਲਜਿੰਦਰ ਸਿੰਘ, ਪ੍ਰੋ. ਕਿਰਨਜੀਤ ਕੌਰ, ਪ੍ਰੋ ਰਾਜਵੀਰ, ਪ੍ਰੋ ਅਵਤਾਰ ਸਿੰਘ ਕੌਰ ਤੋਂ ਇਲਾਵਾ ਨਰੇਸ਼ ਉਪਨੇਜਾ, ਕੌਂਸਲਰ ਦਵਿੰਦਰ ਸਿੰਘ , ਹਰਵਿੰਦਰ ਪਟਵਾਰੀ , ਗੁਰਪ੍ਰੀਤ ਸੈਦਪੁਰਾ ਅਤੇ ਪ੍ਰੀਸ਼ਦ ਦੇ ਰੀਜਨਲ ਸਕੱਤਰ ਸੋਮਨਾਥ ਸ਼ਰਮਾ, ਨਰੇਸ਼ ਮਲਹੋਤਰਾ ,ਪ੍ਰੋਜੈਕਟ ਚੇਅਰਮੈਨ ਬਰਖਾ ਰਾਮ, ਵੀਨਾ ਸੈਣੀ, ਕ੍ਰਿਸ਼ਨ ਲਾਲ ਉਪਨੇਜਾ, ਰਸ਼ਨੀਸ਼ ਸ਼ਰਮਾ, ਅਮਰਨਾਥ ਸੋਹਲ , ਕਮਲਾ ਰਾਣੀ ਅਤੇ ਮਹਿਲਾ ਪ੍ਰਮੁੱਖ ਨਵਨੀਤ ਕੌਰ ਸੈਣੀ ਹਾਜ਼ਰ ਸਨ ⇩

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜਿਨਸੀ ਪ੍ਰੇਸ਼ਾਨੀ ਦੀ ਰੋਕਥਾਮ ਸਬੰਧੀ ਸੈਮੀਨਾਰ ਕਰਵਾਇਆ ਗਿਆ

ਮੋਹਾਲੀ , (ਲੋਕ ਬਾਣੀ))
ਜ਼ਿਲ੍ਹਾ ਸਿੱਖਿਆ ਵਿਭਾਗ, ਐਸ.ਏ.ਐਸ. ਨਗਰ ਵਲੋਂ ਮਹਿਲਾ ਵਰਕਰਾਂ ਨੂੰ ਉਨ੍ਹਾਂ ਦੇ ਕੰਮ ਵਾਲੇ ਸਥਾਨਾਂ ਤੇ ਦਰਪੇਸ਼ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਅਤੇ ਕੰਮ ਵਾਲੀ ਥਾਂ ਤੇ ਜਿਨਸੀ ਪ੍ਰੇਸ਼ਾਨੀ ਦੀ ਰੋਕਥਾਮ, ਵਿਸ਼ੇ ਤੇ ਗਿਆਨ ਜੋਤੀ ਇੰਸਟੀਚਿਊਟ ਮੈਨੇਜਮੈਂਟ ਅਤੇ ਤਕਨਾਲੋਜੀ, ਫੇਜ਼-2, ਐਸ.ਏ.ਐਸ. ਨਗਰ ਵਿਖੇ ਸੈਮੀਨਾਰ ਦਾ ਆਯੋਜਨ ਕੀਤਾ।



ਸ਼੍ਰੀਮਤੀ ਸੁਰਭੀ ਪਰਾਸ਼ਰ, ਸੀ.ਜੇ. ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵਲੋਂ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਅਤੇ ਗਿਆਨ ਜੋਤੀ ਇੰਸਟੀਚਿਊਟ ਦੇ ਫੈਕਲਟੀ ਮੈਂਬਰਾਂ ਨੂੰ ਪ੍ਰੀਵੈਨਸ਼ਨ ਆਫ਼ ਸੈਕਸੁਅਲ ਹਰਾਸਮੈਂਟ ਐਕਟ ਦੇ ਉਪਬੰਧਾਂ ਬਾਰੇ ਜਾਣੂ ਕਰਵਾਇਆ ਅਤੇ 'ਵਿਸ਼ਾਖਾ ਅਤੇ ਹੋਰ ਬਨਾਮ ਰਾਜਸਥਾਨ ਰਾਜ' ਦੇ ਕੇਸ ਵਿੱਚ ਮਾਨਯੋਗ ਸੁਪਰੀਮ ਕੋਰਟ ਦੁਆਰਾ ਦਿੱਤੇ ਦਿਸ਼ਾ ਨਿਰਦੇਸ਼ਾਂ ਬਾਰੇ ਚਰਚਾ ਕੀਤੀ। ਉਨ੍ਹਾਂ ਨੇ 'ਔਰੇਲੀਆਨੋ ਫਰਨਾਂਡਿਸ ਬਨਾਮ ਗੋਆ ਰਾਜ ਅਤੇ ਹੋਰ' ਦੇ ਮਾਮਲੇ ਵਿੱਚ ਮਹੱਤਵਪੂਰਨ ਫੈਸਲੇ ਦੀ ਚਰਚਾ ਕੀਤੀ, ਜਿਸ ਵਿੱਚ ਮਾਣਯੋਗ ਸੁਪਰੀਮ ਕੋਰਟ ਨੇ ਕੰਮ ਵਾਲੀ ਥਾਂ ਤੇ ਔਰਤਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ, ਅਤੇ ਨਿਵਾਰਣ) ਨੂੰ ਲਾਗੂ ਕਰਨ ਵਿੱਚ ਕਈ ਕਮੀਆਂ ਅਤੇ ਪਾੜੇ ਨੂੰ ਉਜਾਗਰ ਕੀਤਾ ਹੈ।
ਇਸ ਤੋਂ ਇਲਾਵਾ ਉਨ੍ਹਾਂ ਵਲੋਂ ਜਾਣਕਾਰੀ ਦਿੱਤੀ ਗਈ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਮਿਤੀ 14.09.2024 ਨੂੰ ਸਾਲ 2024 ਦੀ ਤੀਸਰੀ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿਚ ਰਾਜੀਨਾਮਾ ਯੋਗ ਫੌਜਦਾਰੀ ਕੇਸ, ਚੈਕ-ਬਾਊਂਸ ਕੇਸ, ਬੈਂਕ ਰਿਕਵਰੀ ਕੇਸ, ਵਿਵਾਹਿਕ ਝਗੜੇ, ਐਮ.ਏ.ਸੀ.ਟੀ ਕੇਸ, ਕਿਰਤ ਸਬੰਧੀ ਝਗੜੇ, ਲੈਂਡ ਐਕਿਉਜ਼ਿਸ਼ਨ ਕੇਸ, ਬਿਜਲੀ ਅਤੇ ਪਾਣੀ ਦੇ ਬਿਲਾਂ ਸਬੰਧੀ, ਮਾਲ ਵਿਭਾਗ ਨਾਲ ਸਬੰਧਤ ਅਤੇ ਹਰ ਤਰ੍ਹਾਂ ਦੇ ਦੀਵਾਨੀ ਕੇਸ ਵਿਚਾਰੇ ਜਾਣਗੇ। ਇਸ ਲੋਕ ਅਦਾਲਤ ਵਿਚ ਟ੍ਰੈਫਿਕ ਚਲਾਨਾਂ ਦਾ ਵੀ ਨਿਪਟਾਰਾ ਕੀਤਾ ਜਾਵੇਗਾ। ਜੇਕਰ ਕੋਈ ਵਿਅਕਤੀ ਆਪਣਾ ਚਲਾਣ ਲੋਕ ਅਦਾਲਤ ਵਿਚ ਭੁਗਤਾਉਣਾ ਚਾਹੁੰਦਾ ਹੈ ਤਾਂ ਉਹ ਇਸ ਸਬੰਧੀ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇ ਦੀ ਕੋਰਟ ਵਿਚ ਮਿਤੀ 14.09.2024 ਤੱਕ ਦਰਖਾਸਤ ਦੇ ਸਕਦਾ ਹੈ।

# ਨੌਜਵਾਨਾਂ ਅੰਦਰ ਭਵਿੱਖ ਵਿੱਚ ਉੱਦਮੀ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਪ੍ਰਸ਼ਾਸਨ ਨੇ ਪ੍ਰਾਈਵੇਟ ਸਕੂਲਾਂ ਨਾਲ ਕੀਤੀ ਮੀਟਿੰਗ

ਲੁਧਿਆਣਾ, (ਸੁਖਚੈਨ ਮਹਿਰਾ) ਜ਼ਿਲ੍ਹਾ ਪ੍ਰਸ਼ਾਸਨ ਨੇ ਨੌਜਵਾਨਾਂ ਵਿੱਚ ਉੱਦਮੀ ਪ੍ਰਤਿਭਾ ਨੂੰ ਨਿਖਾਰਨ ਦੇ ਉਦੇਸ਼ ਨਾਲ ਇੱਕ ਪ੍ਰਮੁੱਖ ਪਹਿਲਕਦਮੀ, ਫਿਊਚਰ ਟਾਈਕੂਨਜ਼ ਸਟਾਰਟਅਪ ਚੈਲੇਂਜ ਨੂੰ ਉਤਸ਼ਾਹਿਤ ਕਰਨ ਲਈ ਜ਼ਿਲ੍ਹੇ ਭਰ ਦੇ ਪ੍ਰਾਈਵੇਟ ਸਕੂਲਾਂ ਨਾਲ ਇੱਕ ਅਹਿਮ ਮੀਟਿੰਗ ਬੁਲਾਈ।

ਆਮ ਲੋਕਾਂ ਦੀਆਂ ਬੇਨਤੀਆਂ ਦੇ ਜਵਾਬ ਵਿੱਚ ਅਤੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ 10 ਸਾਲ ਤੋਂ 25 ਸਾਲ ਤੱਕ ਦੀ ਉਮਰ ਦੇ ਵਿਦਿਆਰਥੀ ਵਰਗ ਲਈ ਫਿਊਚਰ ਟਾਈਕੂਨਜ਼ ਚੁਣੌਤੀ ਅਨੁਸਾਰ ਸੋਧਿਆ ਗਿਆ ਹੈ। ਇਹ ਅਪਡੇਟ ਵਿਦਿਆਰਥੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਲਈ ਇਸ ਵੱਕਾਰੀ ਮੁਕਾਬਲੇ ਵਿੱਚ ਭਾਗ ਲੈਣ ਦੇ ਨਵੇਂ ਮੌਕੇ ਖੋਲ੍ਹਦਾ ਹੈ, ਜੋ ਨਵੀਨਤਾ ਅਤੇ ਉੱਦਮੀ ਸੋਚ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦਾ ਹੈ।

ਜ਼ਿਲ੍ਹਾ ਵਿਕਾਸ ਫੈਲੋ (ਡੀ.ਡੀ.ਐਫ), ਸ੍ਰੀ ਅੰਬਰ ਬੰਦੋਪਾਧਿਆਏ ਨੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਨੂੰ ਆਪਣੇ ਵਿਦਿਆਰਥੀਆਂ ਨੂੰ ਰਜਿਸਟਰ ਕਰਨ ਅਤੇ ਚੁਣੌਤੀ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਲਈ ਉਤਸ਼ਾਹਿਤ ਕੀਤਾ। ਉਹਨਾਂ ਨੇ ਭਵਿੱਖ ਵਿੱਚ ਨਵੀਨਤਾ ਅਤੇ ਉੱਦਮਤਾ ਦੇ ਖੇਤਰ ਵਿੱਚ ਨੌਜਵਾਨਾਂ ਦੀ ਅਗਵਾਈ ਕਰਨ ਦੀ ਮਹੱਤਤਾਂ ਨੂੰ ਉਜਾਗਰ ਕੀਤਾ।



ਡਿੰਪਲ ਟੰਡਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਨੇ ਵਿਦਿਆਰਥੀਆਂ ਵਿੱਚ ਉੱਦਮੀ ਮਾਨਸਿਕਤਾ ਪੈਦਾ ਕਰਨ ਦੀ ਵੱਧ ਰਹੀ ਲੋੜ ਤੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਇੱਕ ਮਜ਼ਬੂਤ ਅਤੇ ਭਵਿੱਖ ਲਈ ਤਿਆਰ ਪੀੜ੍ਹੀ ਦੇ ਨਿਰਮਾਣ ਲਈ ਜ਼ਰੂਰੀ ਹੈ।

ਜੀਵਨਦੀਪ ਸਿੰਘ, ਪੀ.ਸੀ.ਐਸ (ਅਲਾਈਡ), ਈ.ਜੀ.ਐਸ.ਡੀ.ਟੀ.ਓ ਅਤੇ ਦੀਪਕ ਭੱਲਾ ਡਿਪਟੀ ਸੀ.ਈ.ਓ, ਡੀ.ਬੀ.ਈ.ਈ ਲੁਧਿਆਣਾ ਨੇ ਮੀਟਿੰਗ ਦੌਰਾਨ ਫਿਊਚਰ ਟਾਈਕੂਨਜ਼ ਪ੍ਰੋਗਰਾਮ ਦੇ ਵਧੀਆ ਵੇਰਵੇ ਸਾਂਝੇ ਕੀਤੇ। ਉਨ੍ਹਾਂ ਸਕੂਲਾਂ ਨੂੰ ਅਪੀਲ ਕੀਤੀ ਕਿ ਉਹ ਵਿਆਪਕ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਸਰਗਰਮ ਕਦਮ ਚੁੱਕਣ।

ਫਿਊਚਰ ਟਾਈਕੂਨਜ਼ ਸਟਾਰਟਅਪ ਚੈਲੇਂਜ ਦਾ ਉਦੇਸ਼ ਲੁਧਿਆਣਾ ਵਿੱਚ ਉੱਦਮੀ ਵਿਕਾਸ ਦੀ ਅਗਲੀ ਲਹਿਰ ਨੂੰ ਚਲਾਉਣ ਲਈ ਨੌਜਵਾਨ ਖੋਜਕਾਰਾਂ ਅਤੇ ਚਾਹਵਾਨ ਉੱਦਮੀਆਂ ਲਈ ਆਪਣੀ ਪ੍ਰਤਿਭਾ ਅਤੇ ਵਿਚਾਰਾਂ ਦਾ ਪ੍ਰਦਰਸ਼ਨ ਕਰਨ ਲਈ ਇੱਕ ਜੀਵੰਤ ਪਲੇਟਫਾਰਮ ਤਿਆਰ ਕਰਨਾ ਹੈ।

ਰੋਜ਼ਾਨਾ ਲੋਕ ਬਾਣੀ
www.lokbani

# ਗੁਰਜੰਟ ਸਿੰਘ ਸੋਹੀ ਦੀ ਰੈਵਨਿਊ ਪਟਵਾਰ ਯੂਨੀਅਨ ਅੰਮ੍ਰਿਤਸਰ ਦੇ ਪ੍ਰਧਾਨ ਨਿਯੁਕਤ



ਅੰਮ੍ਰਿਤਸਰ (ਲੋਕ ਬਾਣੀ)– ਦੀ ਰੈਵਨਿਊ ਪਟਵਾਰ ਯੂਨੀਅਨ ਜਿਲਾ ਅੰਮ੍ਰਿਤਸਰ ਦੀ ਚੋਣ ਦੇ ਦੌਰਾਨ ਗੁਰਜੰਟ ਸਿੰਘ ਸੋਹੀ ਨੂੰ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ ਹੈ। ਪਹਿਲੇ ਪੰਜਾਬ ਪ੍ਰਧਾਨ ਰਹੇ ਨਿਰਮਲਜੀਤ ਸਿੰਘ ਬਾਜਵਾ, ਜ਼ਿਲ੍ਹਾ ਪ੍ਰਧਾਨ ਰਹੇ ਕੁਲਵੰਤ ਸਿੰਘ ਡੇਹਰੀਵਾਲ,ਹਰਿੰਦਰ ਸਿੰਘ ਲਾਲੀ ਸਮੇਤ ਜਿਲ੍ਹਾ ਅੰਮ੍ਰਿਤਸਰ ਅਤੇ ਤਰਨ ਤਰਨ ਤੇ ਪਟਵਾਰੀਆਂ ਦੀ ਹਾਜ਼ਰੀ ਵਿੱਚ ਸਰਬ ਸੰਮਤੀ ਨਾਲ ਜ਼ਿਲਾ ਅੰਮ੍ਰਿਤਸਰ ਦੀ ਟੀਮ ਦੀ ਚੋਣ ਕੀਤੀ ਗਈ।

ਜਿਸ ਦੌਰਾਨ ਗੁਰਜੰਟ ਸਿੰਘ ਸੋਹੀ ਨੂੰ ਜ਼ਿਲਾ ਪ੍ਰਧਾਨ, ਹਰਪ੍ਰੀਤ ਸਿੰਘ ਨੂੰ ਜਨਰਲ ਸਕੱਤਰ,ਸੁਖਜਿੰਦਰ ਸਿੰਘ ਸਹਾਇਕ ਜਨਰਲ ਸਕੱਤਰ,ਹਰਪ੍ਰੀਤ ਕੌਰ ਕੈਸ਼ੀਅਰ,ਸਿਮਰਬੀਰ ਸਿੰਘ ਸਹਾਇਕ ਕੈਸ਼ੀਅਰ,ਰਣਜੀਤ ਸਿੰਘ ਸਰਪ੍ਰਸਤ,ਹਰਪ੍ਰੀਤ ਸਿੰਘ ਨੁਮਾਇੰਦਾ ਪੰਜਾਬ,ਜਸਪਾਲ ਸਿੰਘ,ਕੁਲਵਿੰਦਰ ਸਿੰਘ, ਰਜੀਵ ਕੁਮਾਰ,ਆਗਿਆਪਾਲ ਸਿੰਘ,ਜਸਵਿੰਦਰ ਸਿੰਘ, ਰਣਜੀਤ ਸਿੰਘ ਸੁਲਤਾਨਵਿੰਡ, ਕਰਨ ਖੋਸਲਾ,ਗੁਰਨਾਮ ਸਿੰਘ,ਸੁਖਵਿੰਦਰ ਸਿੰਘ ਸੁੱਖ ਸਾਰਿਆਂ ਨੂੰ ਸੀਨੀਅਰ ਮੀਤ ਪ੍ਰਧਾਨ,ਪਰਮਿੰਦਰ ਸਿੰਘ, ਤਰੁਣ ਸਭਰਵਾਲ,ਸੁਰਿੰਦਰ ਭਗਤ,ਇਕਬਾਲ ਸਿੰਘ, ਸੁਖਜਿੰਦਰ ਸਿੰਘ ਸਾਰੇ ਮੀਤ ਪ੍ਰਧਾਨ,ਸੁਨੀਤ ਕੁਮਾਰ ਕਾਨੂੰਨੀ ਸੈਕਟਰੀ,ਲਵਲੀਨ ਸਿੰਘ ਪ੍ਰਚਾਰਕ,ਕਰਤਾਰ ਸਿੰਘ ਮੁੱਖ ਸਲਾਹਕਾਰ,ਕਸ਼ਮੀਰ ਸਿੰਘ ਭੁੱਲਰ ਨੂੰ ਪ੍ਰੈਸ ਸੈਕਟਰੀ ਚੁਣਿਆ ਗਿਆ।

ਨਵੇਂ ਚੁਣੇ ਪ੍ਰਧਾਨ ਗੁਰਜੰਟ ਸਿੰਘ ਸੋਹੀ ਨੇ ਦੱਸਿਆ ਕਿ ਟੀਮ ਸਾਥੀਆਂ ਨੇ ਇੱਕਜੁੱਟ ਹੋ ਕੇ ਉਹਨਾਂ ਨੂੰ ਸਰਬ ਸੰਮਤੀ ਨਾਲ ਪ੍ਰਧਾਨ ਬਣਾਇਆ ਹੈ। ਉਹ ਹਰ ਇੱਕ ਦੀਆਂ ਉਮੀਦਾਂ ਤੇ ਖਰਾ ਉਤਰਦੇ ਹੋਏ ਯੂਨੀਅਨ ਨੂੰ ਚੜ੍ਹਦੀ ਕਲਾ ਵਿੱਚ ਲੈ ਕੇ ਜਾਣ ਲਈ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ। ਉਹਨਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਸਿਰੋਪਾਓ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਤੇ ਰਾਜਪਾਲ ਹਰਜਿੰਦਰ ਸਿੰਘ,ਸੁਖਦੇਵ ਰਾਜ,ਰਣਜੀਤ ਸਿੰਘ, ਜੋਬਨਜੀਤ ਸਿੰਘ,ਸੌਰਭ ਸ਼ਰਮਾ,ਕਰਨਜੀਤ ਸਿੰਘ, ਗੁਰਬਾਜ ਸਿੰਘ ਸਮੇਤ ਤਹਿਸੀਲ ਜ਼ਿਲਾ ਅੰਮ੍ਰਿਤਸਰ, ਅਜਨਾਲਾ ਸਮੇਤ ਹੋਰਨਾ ਤਹਿਸੀਲਾਂ ਦੇ ਅਹੁਦੇਦਾਰ,ਕਾਨਗੋ ਅਤੇ ਪਟਵਾਰੀ ਸਾਥੀ ਵੀ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਬਿਜਲੀ ਕਾਮਿਆਂ ਨੇ ਪਾਵਰਕਾਂਮ ਮੈਨੇਜਮੈਂਟ ਖਿਲਾਫ ਕੀਤੀ ਨਾਅਰੇਬਾਜ਼ੀ



ਗਿੱਦੜਬਾਹਾ।/11ਸਤੰਬਰ/ ਨਰਿੰਦਰ ਵਧਵਾ/ ਸਮੂਹ ਬਿਜਲੀ ਕਾਮਿਆਂ ਵੱਲੋਂ ਸਾਂਝੇ ਤੌਰ ਤੇ ਸਟੇਟ ਜੁਆਇੰਟ ਫੋਰਮ, ਏਕਤਾ ਮੰਚ ਅਤੇ ਐਸ਼ੋ ਐਸੋਸੀਏਸ਼ਨ ਆਫ ਜੇ,ਈ ਦੇ ਸੱਦੇ ਤੇ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੇ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਅਤੇ ਟਾਲ -ਮਟੋਲ ਵਾਲੇ ਰਵੱਈਏ ਦੇ ਖਿਲਾਫ ਸਮੂਹ ਬਿਜਲੀ ਮੁਲਾਜ਼ਮਾਂ ਵੱਲੋਂ 10 ਤੋਂ 12 ਸਤੰਬਰ ਤੱਕ ਤਿੰਨ ਦਿਨਾਂ ਦੀ ਮਾਸ ਕੈਜੁਅਲ ਲੀਵ ਭਰੀ ਗਈ ਅਤੇ ਪਾਵਰਕਾਮ ਮੰਡਲ ਗਿੱਦੜਬਾਹਾ ਵਿਖੇ ਇਕੱਠੇ ਹੋ ਕੇ ਪਾਵਰਕਾਮ ਮੈਨੇਜਮੈਂਟ ਖਿਲਾਫ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਸ਼ਹਿ ਤੇ ਪਾਵਰਕਾਮ ਮੈਨੇਜਮੈਂਟ ਵੱਲੋਂ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਪੈਡਿੰਗ ਪਈਆ ਅਤੇ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਅਤੇ ਇਸ ਦੇ ਉਲਟ ਮੁਲਾਜ਼ਮਾਂ ਵਿਰੋਧੀ ਪੱਤਰ ਜਾਰੀ ਕੀਤੇ ਜਾਂ ਰਹੇ ਹਨ, ਜਿਸ ਕਾਰਨ ਪੰਜਾਬ ਦੇ ਸਮੂਹ ਬਿਜਲੀ ਮੁਲਾਜ਼ਮਾਂ ਅਤੇ ਪੈਨਸਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਮੰਨੀਆਂ ਹੋਈਆਂ ਮੰਗਾਂ ਤੁਰੰਤ ਲਾਗੂ ਨਾ ਕੀਤੀਆਂ ਗਈਆਂ ਨੋਟੀਫਿਕੇਸ਼ਨ ਜਾਰੀ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਪੈਨਸ਼ਨਰ ਐਸੋਸੀਏਸ਼ਨ ਨੇ ਬਿਜਲੀ ਕਾਮਿਆਂ ਦੇ ਇਸ ਰੋਸ ਪ੍ਰਦਰਸ਼ਨ ਦੀ ਹਿਮਾਇਤ ਕੀਤੀ।ਇਸ ਮੌਕੇ ਜਗਦੀਸ਼ ਸਿੰਘ ਟੀ,ਐਸ,ਯੂ,ਸ ਹਰਦੀਪ ਸਿੰਘ ਐਮ, ਐਸ ਯੂ ਸ ਦਲਜੀਤ ਸਿੰਘ ਆਰ ਏ,ਇੰਮ, ਫੇਡਰੇਸ਼ਨ, ਭੁਪਿੰਦਰ ਸਿੰਘ ਜੇ,ਈ ਅਤੇ ਸ਼ਮਸ਼ੇਰ ਸਿੰਘ ਰਿਟਾਇਰਡ ਜੇ,ਈ,ਆਦਿ ਵੀ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਰੇਵਾ ਦੇ ਵਫ਼ਦ ਨੇ ਪ੍ਰਸ਼ਾਸਕ ਦੇ ਸਲਾਹਕਾਰ ਨਾਲ ਮੁਲਾਕਾਤ ਕੀਤੀ

ਚੰਡੀਗੜ੍ਹ। (ਲੋਕ ਬਾਣੀ) ਰੂਰਲ ਐਜੂਕੇਸ਼ਨ ਵੈਲਫੇਅਰ ਐਸੋਸੀਏਸ਼ਨ, ਰੇਵਾ ਚੰਡੀਗੜ੍ਹ ਦੇ ਪੇਂਡੂ ਖੇਤਰਾਂ ਵਿੱਚ ਸਿੱਖਿਆ ਦੀ ਇਕਲੌਤੀ ਰਜਿਸਟਰਡ ਸੰਸਥਾ ਦੇ ਵਫ਼ਦ ਨੇ ਪ੍ਰਧਾਨ ਵੀ.ਬੀ. ਕਪਿਲ ਦੀ ਪ੍ਰਧਾਨਗੀ ਵਿਚ ਪ੍ਰਸ਼ਾਸਕ ਦੇ ਸਲਾਹਕਾਰ ਆਈਏਐਸ ਰਾਜੀਵ ਵਰਮਾ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਕਪਿਲ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਵੱਲੋਂ ਸਟੇਟ ਦਫ਼ਤਰ, ਨਗਰ ਨਿਗਮ ਅਤੇ ਹਾਊਸਿੰਗ ਬੋਰਡ ਨੂੰ ਪੱਤਰ ਜਾਰੀ ਕਰਕੇ ਕਿਹਾ ਗਿਆ ਹੈ ਕਿ ਪਿੰਡਾਂ ਦੇ ਸਕੂਲ ਨਾਜਾਇਜ਼ ਜ਼ਮੀਨਾਂ ਤੇ ਚੱਲ ਰਹੇ ਹਨ, ਜੋ ਕਿ ਸਰਾਸਰ ਗ਼ਲਤ ਹੈ । ਉਨ੍ਹਾਂ ਕਿਹਾ ਕਿ ਜ਼ਿਆਦਾਤਰ ਸਕੂਲ ਕਾਨੂੰਨੀ ਅਤੇ ਜਾਇਜ਼ ਹਨ। ਕਪਿਲ ਨੇ ਵਿਸਥਾਰ ਵਿੱਚ ਦੱਸਿਆ ਕਿ ਸਕੂਲਾਂ ਨੂੰ ਮਾਨਤਾ ਦੇਣ ਦੋ-ਤਿੰਨ ਵਾਰ ਸੁਝਾਅ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਉੱਚ ਅਧਿਕਾਰੀਆਂ ਨੂੰ ਸਹਿਮਤੀ ਲਈ ਭੇਜੇ ਗਏ ਸਨ ਕਿਉਂਕਿ ਨਿਰੀਖਣ ਦੌਰਾਨ ਇਹ ਸਕੂਲ ਢੁਕਵੇਂ ਪਾਏ ਗਏ ਸਨ। ਹੁਣ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਕਹਿਣਾ ਬੇਇਨਸਾਫ਼ੀ ਹੈ। ਉਨ੍ਹਾਂ ਪੇਂਡੂ ਖੇਤਰ ਦੇ ਸਕੂਲਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਆਦਾਤਰ ਸਕੂਲ 20 ਵਰਸ਼ੋਂਜਾਂ ਇਸ ਤੋਂ ਵੀ ਪਹਿਲਾਂ ਤੋਂ ਚੱਲ ਰਹੇ ਹਨ। ਜਿਸ ਸਮੇਂ ਇਹ ਸਕੂਲ ਖੋਲ੍ਹੇ ਗਏ ਸਨ, ਉਸ ਸਮੇਂ ਚੰਡੀਗੜ੍ਹ ਦੇ ਪਿੰਡ ਪੰਚਾਇਤੀ ਰਾਜ ਅਧੀਨ ਸਨ, ਜਿਸ ਕਾਰਨ ਪਿੰਡ ਵਿਚ ਕਿਸੇ ਵੀ ਥਾਂ ਤੇ ਇਮਾਰਤ ਦੀ ਉਸਾਰੀ ਲਈ



ਕੰਨਾਂ ਦਾ ਨਿਸ਼ਾਨ ਨਹੀਂ ਸੀ ਅਤੇ ਨਾ ਹੀ ਕੋਈ ਵਿਭਾਗ ਸਕੂਲਾਂ ਦੀ ਉਸਾਰੀ ਲਈ ਬਿਲਡਿੰਗ ਪਲਾਨ ਨੂੰ ਮਨਜ਼ੂਰੀ ਦਿੰਦਾ ਹੈ । ਉਨ੍ਹਾਂ ਕਿਹਾ ਕਿ ਹੁਣ ਪਿੰਡ ਨਗਰ ਨਿਗਮ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੂੰ ਉਸੇ ਦਰਜੇ ਵਿੱਚ ਗਿਣਿਆ ਜਾਣਾ ਚਾਹੀਦਾ ਹੈ, ਜਿਸ ਤਰ੍ਹਾਂ ਪੰਚਾਇਤ ਵੇਲੇ ਸੀ। ਨਗਰ ਨਿਗਮ ਹੋਣ ਦੇ ਬਾਵਜੂਦ ਜੇਕਰ ਕੋਈ ਸਕੂਲ ਖੁੱਲ੍ਹਦਾ ਹੈ ਤਾਂ ਉਹ ਉਸ ਤੇ ਕਾਰਵਾਈ ਕਰ ਸਕਦੀ ਹੈ। ਚੰਡੀਗੜ੍ਹ ਦੇ ਕਈ ਸਕੂਲਾਂ ਵਿੱਚ ਬੁਨਿਆਦੀ ਸਹੂਲਤਾਂ ਉਪਲਬਧ ਹਨ। ਸਕੂਲਾਂ ਵਿੱਚ ਜਿੱਥੇ ਕੋਈ ਕਮੀ ਪਾਈ ਜਾਂਦੀ ਹੈ, ਉਸ ਨੂੰ ਸਮਾਂ ਦੇ ਕੇ ਠੀਕ ਕੀਤਾ ਜਾ ਸਕਦਾ ਹੈ। ਪ੍ਰਧਾਨ ਕਪਿਲ ਨੇ ਆਸ ਪ੍ਰਗਟਾਈ ਕਿ ਪ੍ਰਸ਼ਾਸਨ ਪਿੰਡਾਂ ਦੇ ਸਕੂਲਾਂ ਨੂੰ ਮਾਨਤਾ ਦੇਣ ਸਬੰਧੀ ਯੋਗ ਕਦਮ ਚੁੱਕੇਗਾ। ਪ੍ਰਸ਼ਾਸਨ ਦੇ ਸਲਾਹਕਾਰ ਨੇ ਰੇਵਾ ਦੇ ਨੁਮਾਇੰਦਿਆਂ ਦੀ ਗੱਲ ਬੜੇ ਧਿਆਨ ਨਾਲ ਸੁਣੀ। ਉਸ ਨੇ ਪੇਸ਼ਕਾਰੀ ਦੀ ਕਾਪੀ ਵੀ ਲਈ। ਉਨ੍ਹਾਂ ਭਰੋਸਾ ਦਿੱਤਾ ਕਿ ਸਕਾਰਾਤਮਕ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਢੁਕਵੇਂ ਕਦਮ ਚੁੱਕੇ ਜਾਣਗੇ।

ਰੋਜ਼ਾਨਾ ਲੋਕ ਬਾਣੀ
www.lokbani

# ਸੀ ਐਚ ਵੀ ਕੱਚੇ ਮੁਲਾਜਮਾਂ ਦੀ ਯੂਨੀਅਨ ਸਾਂਝੇ ਸੰਘਰਸ਼ ਚ ਕੁੱਦੀ

## ਮੁੱਖ ਮੰਤਰੀ, ਬਿਜਲੀ ਮੰਤਰੀ ਤੇ ਮੇਨੈਜਮੈਂਟ ਮੁਰਦਾਵਾਰ ਦੇ ਨਾਲ ਗੂੰਜੇ ਜੂਝਦੇ ਜੁਝਾਰ ਲੋਕ ਫਿੱਟੇ ਮੂੰਹ ਗਦਾਰ ਲੋਕ ਦੇ ਨਾਅਰੇ

ਰੋਜ਼ਾਨਾ ਲੋਕ ਬਾਣੀ www.lokbani



ਲੁਧਿਆਣਾ (ਵਰਿੰਦਰ ਪ੍ਰਕਾਸ਼ ਭਾਂਬਰੀ/ਸੁਖਚੈਨ ਮਹਿਰਾ) ਅਪਣੀਆਂ 15 ਮੰਨੀਆਂ ਮੰਗਾਂ ਦਾ ਸਰਕੂਲਰ ਜਾਰੀ ਕਰਵਾਉਣ ਲਈ ਪੰਜਾਬ ਭਰ ਦੇ ਬਿਜਲੀ ਮੁਲਾਜਮਾਂ ਵੱਲੋਂ ਸਾਂਝਾ ਫੋਰਮ, ਏਕਤਾ ਮੰਚ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਸਾਂਝੇ ਝੰਡੇ ਥੱਲੇ ਸਮੂਹਿਕ ਛੁੱਟੀ ਭਰਕੇ ਤਿੱਖਾ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। 21 ਅਗਸਤ ਤੋਂ ਵਰਕ ਟੂ ਰੂਲ ਦੇ ਨਾਲ 10 ਤੋਂ 12 ਸਤੰਬਰ ਤੱਕ 3 ਦਿਨ ਦੀ ਸਮੂਹਿਕ ਛੁੱਟੀ ਭਰਕੇ ਸੰਘਰਸ਼ ਚ ਕੁੱਦੇ ਬਿਜਲੀ ਕਾਮਿਆਂ ਵੱਲੋਂ ਦੂਜੇ ਦਿਨ ਪੰਜਾਬ ਭਰ ਵਿੱਚ ਗੇਟ ਰੈਲੀਆਂ ਦਾ ਆਯੋਜਨ ਕੀਤਾ ਗਿਆ। ਲੁਧਿਆਣਾ ਦੀ ਆਤਮ ਨਗਰ ਡਵੀਜ਼ਨ ਵਿਖੇ ਵੀ ਸਾਰੀਆਂ ਜੱਥੇਬੰਦੀਆਂ ਵੱਲੋਂ ਸਾਂਝੀ ਗੇਟ ਰੈਲੀ ਕੀਤੀ ਗਈ। ਇਸ ਗੇਟ ਰੈਲੀ ਵਿੱਚ ਮੁੱਖ ਮੰਤਰੀ, ਬਿਜਲੀ ਮੰਤਰੀ ਤੇ ਬਿਜਲੀ ਨਿਗਮ ਦੀ ਮੇਨੈਜਮੈਂਟ ਮੁਰਦਾਵਾਰ ਦੇ ਨਾਲ ਗੂੰਜੇ ਜੂਝਦੇ ਜੁਝਾਰ ਲੋਕ ਫਿੱਟੇ ਮੂੰਹ ਗਦਾਰ ਲੋਕ ਦੇ ਨਾਅਰੇ ਗੂੰਜੇ। ਗੇਟ ਰੈਲੀ ਦੀ ਅਗਵਾਈ ਕਰ ਰਹੇ ਆਗੂਆਂ ਰਘਵੀਰ ਸਿੰਘ ਰਾਮਗੜ੍ਹ, ਬਲਵਿੰਦਰ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਮਹਿਦੂਦਾਂ, ਸਵਰਨ ਸਿੰਘ, ਗੁਰਦੀਪ ਸਿੰਘ ਬਾਬਾ ਨੇ ਕਿਹਾ ਕਿ ਜੇਕਰ ਬਿਜਲੀ ਮੰਤਰੀ ਵੱਲੋਂ ਕੱਲ ਦੀ ਦਿੱਤੀ ਮੀਟਿੰਗ ਵੀ ਬੇਸਿੱਟਾ ਰਹਿੰਦੀ ਹੈ ਤਾਂ ਸਮੂਹਿਕ ਛੁੱਟੀ ਨੂੰ ਅੱਗੇ ਵਧਾਉਂਦੇ ਹੋਏ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੇ ਮਨੋਰਥ ਨਾਲ ਪਟਿਆਲਾ ਵੱਲ ਕੂਚ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਸੀ ਐਚ ਵੀ ਕੱਚੇ ਮੁਲਾਜਮਾਂ ਦੀ ਯੂਨੀਅਨ ਦੇ ਪ੍ਰਧਾਨ ਬਲਿਹਾਰ ਸਿੰਘ ਵੱਲੋਂ ਕੱਲ ਹੀ ਸਮੱਰਥਨ ਦੇ ਦਿੱਤਾ ਗਿਆ ਸੀ ਜਿਸਨੂੰ ਅਮਲੀ ਜਾਮਾਂ ਪਹਿਨਾਉਂਦਿਆ ਅਵਤਾਰ ਸਿੰਘ ਦੀ ਅਗਵਾਈ ਹੇਠ ਸੀ ਐਚ ਵੀ ਕੱਚੇ ਮੁਲਾਜਮਾਂ ਨੇ ਗੇਟ ਰੈਲੀ ਵਿੱਚ ਭਾਗ ਲਿਆ। ਅਵਤਾਰ ਸਿੰਘ ਨੇ ਕਿਹਾ ਕਿ ਸੂਬਾ ਪ੍ਰਧਾਨ ਬਲਿਹਾਰ ਸਿੰਘ ਦੇ ਆਦੇਸ਼ਾਂ ਉੱਤੇ 3 ਦਿਨ ਅਸੀ ਚੱਲ ਰਹੇ ਸੰਘਰਸ਼ ਵਿੱਚ 2 ਘੰਟੇ ਭਾਗ ਲਵਾਂਗਾ ਅਤੇ ਐਚ ਟੀ ਲਾਈਨਾਂ ਨਾਲ ਸਬੰਧਤ ਕੋਈ ਕੰਮ ਨਹੀਂ ਕਰਾਂਗਾ। ਜੇਕਰ ਹੜਤਾਲ ਤੋਂ ਬਾਅਦ ਵੀ ਰਹਿੰਦੀ ਹੈ ਤਾਂ ਸਾਡੀ ਯੂਨੀਅਨ ਵੀ ਸਾਂਝੇ ਘੋਲ ਵਿੱਚ ਕੁੱਦ ਜਾਵੇਗੀ। ਸੀਨੀਅਰ ਆਗੂ ਰਜਿੰਦਰ ਸਿੰਘ, ਸੁਰਜੀਤ ਸਿੰਘ ਅਤੇ ਅਵਤਾਰ ਸਿੰਘ ਪੰਧੇਰ ਨੇ ਸਮੂਹਿਕ ਛੁੱਟੀਆਂ ਨਾ ਭਰਨ ਵਾਲੇ ਕੁਝ ਕੁ ਮੁਲਾਜਮਾ ਨੂੰ ਸਾਂਝੇ ਘੋਲ ਵਿੱਚ ਕੁੱਦਣ ਲਈ ਪ੍ਰੇਰਿਆ। ਇਸ ਮੌਕੇ ਰਘਵੀਰ ਸਿੰਘ, ਗਗਨਦੀਪ ਸਿੰਘ, ਦੀਪਕ ਕੁਮਾਰ, ਹਿਰਦੇ ਰਾਮ, ਕਰਤਾਰ ਸਿੰਘ, ਸੁਰੇਸ਼ ਕੁਮਾਰ, ਸੁਖਜਿੰਦਰ ਸਿੰਘ, ਨਿਮਰਤਾ, ਹਰਨੀਤ ਸਿੰਘ, ਅਕਾਸ਼ਦੀਪ, ਗੱਬਰ ਸਿੰਘ ਅਤੇ ਹੋਰ ਹਾਜਰ ਸਨ।

# ਜਿਲਾ ਕਾਂਗਰਸ ਕਮੇਟੀ ਦੇ ਜਸਪਾਲ ਸਿੰਘ ਅਤੇ ਸੁਰਿੰਦਰ ਸਿੰਘ ਸਿੱਧੂ ਜਨਰਲ ਸਕੱਤਰ ਕੀਤੇ ਨਿਯੁਕਤ




ਖਰੜ, ( ਕਾਲਾ ਸਿੰਘ ਸੈਣੀ ):- ਜਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ ਵਲੋਂ ਜਿਲਾ ਕਾਂਗਰਸ ਕਮੇਟੀ ਵਿਚ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨਾਂ ਦਸਿਆ ਕਿ ਸੁਰਿੰਦਰ ਸਿੰਘ ਸਿੱਧੂ ਅਤੇ ਜਸਪਾਲ ਸਿੰਘ ਨੂੰ ਜਿਲਾ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਨਾਂ ਦੋਵੇ ਅਹੁੱਦੇਦਾਰਾਂ ਨੂੰ ਜਿਲੇ ਵਿਚ ਕਾਂਗਰਸ ਦੀ ਮਜ਼ਬੂਤੀ ਲਈ ਕੰਮ ਕਰਨ ਲਈ ਆਖਿਆ। ਇਸ ਮੌਕੇ ਰਮਾਂ ਕਾਂਤ ਕਾਲੀਆਂ ਕੌਂਸਲਰ ਕੁਰਾਲੀ, ਬਰਿੰਦਰ ਸਿੰਘ, ਸਰਬਜੀਤ ਸਿੰਘ, ਹਰੀ ਚਰਨ, ਸ੍ਰੀ ਸੰਮੀ, ਕੁਲਦੀਪ , ਸੁਖਦੇਵ ਸਿੰਘ ਸੁੱਖਾ ਪ੍ਰਧਾਨ ਗੁਰਦੁਆਰਾ ਸਾਹਿਬ ਮੁੰਡੀ ਖਰੜ ਸਮੇਤ ਹੋਰ ਸ਼ਹਿਰ ਨਿਵਾਸੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ www.lokbani

## ਸੱਚੀ ਭਗਤੀ-ਭਾਵਨਾ

ਉੜੀਸਾ ਵਿੱਚ ਜਗਨਨਾਥ ਦੇ ਮੰਦਰ ਵਿੱਚ ਆਰਤੀ ਹੋ ਰਹੀ ਸੀ ਤੇ ਮੰਦਰ ਸ਼ਰਧਾਲੂਆਂ ਨਾਲ ਖਚਾਖਚ ਭਰਿਆ ਹੋਇਆ ਸੀ। ਸੰਤ ਚੈਤੰਨਯ ਲੋਕਾਂ ਦੇ ਪਿੱਛੇ ਇੱਕ ਖੰਭੇ ਕੋਲ ਖੜ੍ਹੇ ਸੁਣ ਰਹੇ ਸਨ। ਉਨ੍ਹਾਂ ਦੇ ਨੇੜੇ ਹੀ ਇੱਕ ਔਰਤ ਪੱਬਾਂ ਭਾਰ ਖੜ੍ਹੀ ਹੋ ਕੇ ਵੀ ਮੂਰਤੀ ਦੇ ਦਰਸ਼ਨ ਕਰ ਸਕਣ ਤੋਂ ਅਸਮਰਥ ਸੀ। ਆਖ਼ਰ ਉਹ ਖੰਭੇ ਤੇ ਚੜ੍ਹ ਗਈ ਤੇ ਬੇਧਿਆਨੀ ਵਿੱਚ ਚੈਤੰਨਯ ਦੇ ਮੋਢੇ ਤੇ ਪੈਰ ਟਿਕਾ ਕੇ ਮੂਰਤੀ ਨੂੰ ਵੇਖਦੀ ਹੋਈ ਆਰਤੀ ਸੁਣਨ ਲੱਗੀ।

ਚੈਤੰਨਯ ਦੇ ਇੱਕ ਸ਼ਿਸ਼ ਨੇ ਇਹ ਦ੍ਰਿਸ਼ ਵੇਖਿਆ ਤਾਂ ਔਰਤ ਨੂੰ ਡਾਂਟਣ ਲੱਗਿਆ। ਪਰ ਚੈਤੰਨਯ ਨੇ ਉਹਨੂੰ ਇਸ਼ਾਰੇ ਨਾਲ ਚੁੱਪ ਰਹਿਣ ਲਈ ਆਖਿਆ ਦਰਸ਼ਨ ਕਰ ਲੈਣ ਦੇ ਇਹਨੂੰ।

ਉਸੇ ਵੇਲੇ ਔਰਤ ਹੇਠਾਂ ਉੱਤਰੀ ਤਾਂ ਚੈਤੰਨਯ ਦੇ ਪੈਰਾਂ ਤੇ ਡਿੱਗ ਕੇ ਮੁਆਫ਼ੀ ਮੰਗਣ ਲੱਗੀ।

ਚੈਤੰਨਯ ਨੇ ਔਰਤ ਨੂੰ ਮੋਢਿਆਂ ਤੋਂ ਫੜ ਕੇ ਉਠਾਉਂਦਿਆਂ ਕਿਹਾ, ਜਗਨਨਾਥ ਦੇ ਦਰਸ਼ਨਾਂ ਦੀ ਤੇਰੀ ਲਾਲਸਾ ਵੇਖ ਕੇ ਮੈਂ ਬਹੁਤ ਪ੍ਰਭਾਵਿਤ ਹੋਇਆ ਹਾਂ। ਤੇ ਤੂੰ ਜਿਸ ਤਰ੍ਹਾਂ ਸਭ ਕੁਝ ਵੱਲੋਂ ਬੇਧਿਆਨੇ ਹੋ ਕੇ ਮੂਰਤੀ ਨੂੰ ਵੇਖਦੀ ਆਰਤੀ ਸੁਣ ਰਹੀ ਸੀ, ਉਹ ਅਦੁੱਤੀ ਸੀ। ਅੱਜ ਤੇਰੇ ਕੋਲੋਂ ਅਜਿਹੀ ਭਗਤੀ-ਭਾਵਨਾ ਸਿੱਖਣ ਨੂੰ ਮਿਲੀ ਹੈ, ਜਿਸ ਵਿੱਚ ਆਦਮੀ ਸਭ ਕੁਝ ਭੁੱਲ-ਭੁਲਾ ਕੇ ਤਨੋਂ-ਮਨੋਂ ਪਰਮਾਤਮਾ ਨਾਲ ਜੁੜ ਜਾਂਦਾ ਹੈ!



ਰੋਜ਼ਾਨਾ ਲੋਕ ਬਾਣੀ www.lokbani

****

ਪ੍ਰੋ. ਨਵ ਸੰਗੀਤ ਸਿੰਘ

# ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਦੇ ਵਿਦਿਆਰਥੀਆਂ ਦਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬੀ.ਐੱਡ. ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਲਾਨੇ ਬੀ.ਐੱਡ. ਸਮੈਸਟਰ ਦੂਜੇ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਕਾਲਜ ਦੀ ਹੋਣਹਾਰ ਵਿਦਿਆਰਥਣ ਜਾਹਨਵੀ ਨੇ 8.00 ਐੱਸ.ਜੀ.ਪੀ.ਏ. ਪ੍ਰਾਪਤ ਕਰਕੇ ਕਾਲਜ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ ਹਰਪ੍ਰੀਤ ਕੌਰ ਅਤੇ ਅਨੂ ਕੁਮਾਰੀ ਨੇ 7.90 ਐੱਸ.ਜੀ.ਪੀ.ਏ. ਨਾਲ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ। ਊਸ਼ਾ ਰਾਣੀ,ਨਿਧੀ ਅਤੇ ਸਵੀਤਾ ਮਹਾਜਨ ਨੇ 7.80 ਐੱਸ. ਜੀ.ਪੀ.ਏ. ਪ੍ਰਾਪਤ ਕਰਕੇ ਕਾਲਜ ਵਿੱਚ ਤੀਜਾ ਸਥਾਨ ਸਾਂਝਾ ਕੀਤਾ। ਕਾਲਜ ਦੀ ਸਮੁੱਚੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ ਜੋ ਕਿ ਵਿਦਿਆਰਥੀਆਂ ਅਤੇ ਫੈਕਲਟੀ ਦੇ ਨਿਰੰਤਰ ਯਤਨਾਂ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ। ਵਿਦਿਆਰਥੀਆਂ ਨੇ ਇਸ ਕਾਮਯਾਬੀ ਦਾ ਸਿਹਰਾ ਕਾਲਜ ਦੇ ਅਧਿਆਪਕਾਂ ਤੇ ਆਪਣੇ ਮਾਤਾ ਪਿਤਾ ਦੇ ਸਿਰ ਬੰਨਿਆ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਨੇ ਪ੍ਰਿੰਸੀਪਲ ਡਾ. ਸੁਰਿੰਦਰਜੀਤ ਕੌਰ, ਸਮਰਪਿਤ ਅਧਿਆਪਕਾਂ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਇਸ ਸ਼ਲਾਘਾਯੋਗ ਪ੍ਰਾਪਤੀ ਤੇ ਵਧਾਈ ਦਿੱਤੀ। ਉਹਨਾਂ ਕਿਹਾ ਕਿ ਕਾਲਜ ਆਪਣੇ ਸਥਾਪਤੀ ਦੇ ਸਮੇਂ 1956 ਤੋ ਹੀ ਵਧੀਆ ਪ੍ਰਦਰਸ਼ਨ ਕਰਦਾ ਆ ਰਿਹਾ ਹੈ ਇਹ ਸਭ ਦੀ ਸਖਤ ਮਿਹਨਤ ਦਾ ਹੀ ਨਤੀਜਾ ਹੈ ਕਿ ਕਾਲਜ ਸਿੱਖਿਆ ਦੇ ਖੇਤਰ ਵਿੱਚ ਇਕ ਮੀਲ ਪੱਥਰ ਸਥਾਪਿਤ ਹੋਇਆ ਹੈ ਪ੍ਰਿੰਸੀਪਲ ਡਾ. ਸੁਰਿੰਦਰਜੀਤ ਕੌਰ ਨੇ ਕਿਹਾ ਕਿ ਇਸ ਕਾਲਜ ਦੇ ਵਿਦਿਆਰਥੀ ਸਿਰਫ ਸਹਿ-ਅਕਾਦਮਿਕ ਕਿਰਿਆਵਾਂ ਵਿੱਚੋਂ ਹੀ ਨਹੀ ਸਗੋਂ ਅਕਾਦਮਿਕ ਪੱਖੋਂ ਵੀ ਮੋਹਰੀ ਹਨ ਕਾਲਜ ਦਾ ਇਹ ਸ਼ਾਨਦਾਰ ਨਤੀਜਾ ਦਰਸਾਉਂਦਾ ਹੈ ਕਿ ਕਾਲਜ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਦਿਆਰਥੀਆਂ ਦੀ ਸਖਸ਼ੀਅਤ ਦੇ ਉੱਤਮ ਵਿਕਾਸ ਦੇ ਲਈਂ ਵਚਨਬੱਧ ਹੈ ਉਹਨਾਂ ਉਮੀਦ ਕੀਤੀ ਕਿ ਕਾਲਜ ਭਵਿੱਖ ਵਿੱਚ ਵੀ ਆਪਣੀ ਇਸ ਚਮਕ ਨੂੰ ਬਰਕਰਾਰ ਰੱਖੇਗਾ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਬੱਚੀ ਦੇ ਦਿਲ ਦਾ ਮੁਫ਼ਤ ਉਪਰੇਸ਼ਨ ਕਰਵਾਇਆ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਬੱਚੇ ਦੇਸ਼ ਦਾ ਭਵਿੱਖ ਹਨ ਤੇ ਇਹਨਾਂ ਦਾ ਸਿਹਤਮੰਦ ਹੋਣਾ ਬਹੁਤ ਜ਼ਰੂਰੀ ਹੈ। ਇਹ ਸ਼ਬਦ ਸਿਵਲ ਸਰਜਨ ਕਪੂਰਥਲਾ ਡਾਕਟਰ ਰਿਚਾ ਭਾਟੀਆ ਨੇ ਪ੍ਰਗਟ ਕੀਤੇ। ਉਹਨਾਂ ਦਸਿਆ ਕਿ ਕਈ ਵਾਰ ਬੱਚਿਆਂ ਵਿਚ ਸਿਹਤ ਸੰਬਧੀ ਕਈ ਤਰ੍ਹਾਂ ਦੇ ਵਿਕਾਰ ਹੁੰਦੇ ਹਨ ਤੇ ਇਹਨਾਂ ਦੀ ਸਮੇਂ ਸਿਰ ਪਹਿਚਾਣ ਜ਼ਰੂਰੀ ਹੈ।

ਸਿਵਲ ਸਰਜਨ ਡਾਕਟਰ ਰਿਚਾ ਭਾਟੀਆ ਨੇ ਇਹ ਵੀ ਦਸਿਆ ਕਿ ਸਰਕਾਰ ਵੱਲੋਂ 0 - 18 ਸਾਲ ਦੇ ਬੱਚਿਆਂ ਲਈ ਰਾਸ਼ਟਰੀਆ ਬਾਲ ਸਵਸਥ ਕਾਰਯਕਰਮ ਚਲਾਇਆ ਗਿਆ ਹੈ ਜਿਸ ਵਿਚ ਤਕਰੀਬਨ 30 ਬਿਮਾਰੀਆਂ ਦਾ ਇਲਾਜ ਸਰਕਾਰੀ ਤੇ ਮਾਨਤਾ ਪ੍ਰਾਪਤ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਡਾਕਟਰ ਰਿਚਾ ਭਾਟੀਆ ਨੇ ਇਹ ਵੀ ਦਸਿਆ ਕਿ ਉਕਤ ਪ੍ਰੋਗਰਾਮ ਅਜਿਹੇ ਲੋਕਾਂ ਲਈ ਵਰਦਾਨ ਹੈ ਜਿਹੜੇ ਆਰਥਿਕ ਮੰਦੀ ਦੇ ਚਲਦਿਆਂ ਆਪਣਾ ਇਲਾਜ ਕਰਵਾਉਣ ਚ ਅਸਮਰਥ ਹਨ।

ਇਸੇ ਲੜੀ ਤਹਿਤ ਪਿਛਲੇ ਦਿਨੀਂ ਫਗਵਾੜਾ ਓਂਕਾਰ ਨਗਰ ਨਿਵਾਸੀ ਸੰਗੀਤਾ ਪੁੱਤਰੀ ਗੁਰੂਪ੍ਰਸਾਦ ਜਿਸ ਦੀ ਉਮਰ 15 ਸਾਲ ਸੀ ਦਾ ਇਲਾਜ ਫੋਰਟਿਸ ਹਸਪਤਾਲ ਮੋਹਾਲੀ ਵਿਖੇ ਕਰਵਾਇਆ ਗਿਆ। ਇਸ ਸੰਬਧੀ ਸਬ ਡਵੀਜ਼ਨਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਲਹਿੰਬਰ ਰਾਮ ਨੇ ਦਸਿਆ ਕਿ ਉਕਤ ਬੱਚੀ ਜਮਾਂਦਰੂ ਦਿਲ ਦੇ ਰੋਗ ਤੋਂ ਪੀੜਿਤ ਸੀ ਜਿਸ ਨੂੰ ਕਿ ਆਰ ਬੀ ਐਸ ਕੇ ਟੀਮ ਦੇ ਡਾਕਟਰ ਪ੍ਰਭਜੋਤ ਜੱਬਲ ਤੇ ਡਾਕਟਰ ਜਤਿੰਦਰ ਸੰਧੂ ਵੱਲੋਂ 15 ਮਈ 2024 ਨੂੰ ਸਰਕਾਰੀ ਸਕੂਲ ਚਾਚੋਕੀ ਵਿਖੇ ਚੈੱਕਅਪ ਕੀਤਾ ਗਿਆ ਅਤੇ 27 ਜੁਲਾਈ 2024 ਨੂੰ ਉਕਤ ਬੱਚੀ ਦੀ ਫੋਰਟਿਸ ਹਸਪਤਾਲ ਵਿਖੇ ਸਫ਼ਲ ਸਰਜਰੀ ਹੋਈ। ਓਪਰੇਸ਼ਨ ਉਪਰੰਤ ਲੜਕੀ ਬਿਲਕੁਲ ਠੀਕ ਹੈ

ਰੋਜ਼ਾਨਾ ਲੋਕ ਬਾਣੀ www.lokbani


# ਤੇਂਦੂਏ ਦੀ ਭਾਲ 'ਚ ਜੰਗਲੀ ਜੀਵ ਸੁਰੱਖਿਆ ਵਿਭਾਗ ਦੀਆਂ ਟੀਮਾਂ ਵਲੋਂ ਦਿਨ-ਰਾਤ ਪਿੰਡਾਂ ਵਿਚ ਗਸਤ ਕੀਤੀ ਤੇਜ



ਖਰੜ, ( ਕਾਲਾ ਸਿੰਘ ਸੈਣੀ ):- ਤਹਿਸੀਲ ਖਰੜ ਦੇ ਪਿੰਡ ਪੀਰ ਸੁਹਾਣਾ, ਸਿੰਬਲਮਾਜਰਾ ਅਤੇ ਪਿੰਡ ਰੁੜਕੀ ਪੁਖਤਾ ਦੇ ਖੇਤਾਂ ਵਿਚ ਤੇਦੂਏ ਨੂੰ ਲੈ ਕੇ ਜੰਗਲੀ ਜੀਵ ਸੁਰੱਖਿਆ ਵਿਭਾਗ ਮੁਹਾਲੀ ਦੀ ਟੀਮ ਵਲੋਂ ਅੱਜ ਤੇਦੂਆ ਦੀ ਭਾਲ ਨੂੰ ਲੈ ਕੇ ਤੀਸਰੇ ਦਿਨ ਵੀ ਜਾਂਚ ਕੀਤੀ ਗਈ, ਕਿਉਕਿ ਅੱਜ ਵੀ ਵਿਭਾਗ ਨੂੰ ਪਿੰਡ ਪੀਰ ਸੁਹਾਣਾ, ਰੁੜਕੀ ਪੁਖਤਾ ਨੇੜੇ ਖੇਤਾਂ ਵਿਚ ਤੇਦੂਏ ਘੁੰਮਦਾ ਵੇਖਿਆ ਗਿਆ ਸੀ। ਜੰਗਲੀ ਜੀਵ ਸੁਰੱਖਿਆ ਵਿਭਾਗ ਮੁਹਾਲੀ ਦੇ ਏਰੀਆ ਇੰਚਾਰਜ਼ ਪਰਮਿੰਦਰ ਸਿੰਘ, ਬਲਾਕ ਅਫਸਰ ਸੁਰਿੰਦਰਪਾਲ ਸਿੰਘ ਨੇ ਦਸਿਆ ਕਿ ਹਰਿੰਦਰ ਹਿਨਾ, ਦਲਜੀਤ ਕੌਰ ਦੋਵੇ ਵਣ ਕਾਰਡ ਅਤੇ ਕਰਮਜੀਤ ਸਿੰਘ ਬੇਲਦਾਰ ਦੀ ਅਗਵਾਈ ਵਾਲੀ ਟੀਮ ਵਲੋਂ ਸੂਚਨਾ ਮਿਲਣ ਤੇ ਅੱਜ ਤੀਸਰੀ ਵਾਰ ਖੇਤਾਂ ਵਿਚ ਜਾਂਚ ਕੀਤੀ ਗਈ ਅਤੇ ਤੇਦੂਏ ਦੇ ਪੈਰਾਂ ਦੇ ਨਿਸ਼ਾਨ ਲੈ ਕੇ ਛੱਤਬੀੜ ਚਿੜੀਘਰ ਵਿਖੇ ਭੇਜੇ ਗਏ ਤਾਂ ਕਿ ਪਤਾ ਲੱਗ ਸਕੇ ਕਿ ਇਹ ਤੇਦੂਏ ਦੇ ਹਨ ਜਾਂ ਨਹੀਂ। ਉਨਾਂ ਦਸਿਆ ਕਿ ਪਿੰਡ ਸਿੰਬਲਮਾਜਰਾ ਵਿਖੇ ਪਹਿਲਾਂ ਹੀ ਖੇਤਾਂ ਵਿਚ ਜਾਨਵਰ ਦੇ ਪੈਰਾਂ ਦੇ ਨਿਸ਼ਾਨ ਲਏ ਜਾ ਚੁੱਕੇ ਹਨ ਅਤੇ ਅੱਜ ਮੁੜ ਜਾਣਕਾਰੀ ਮਿਲੀ ਕਿ ਪਿੰਡ ਰੁੜਕੀ ਪੁਖਤਾ, ਪਿੰਡ ਪੀਰ ਸੁਹਾਣਾ ਦੇ ਖੇਤਾਂ ਵਿਚ ਸਵੇਰੇ ਕੰਮ ਕਰਨ ਵਾਲੇ ਕਿਸਾਨਾਂ ਨੇ ਤੇਦੂਆਂ ਘੁੰਮਦਾ ਵੇਖਿਆ ਸੀ। ਉਨਾ ਦਸਿਆ ਕਿ ਖਰੜ ਤਹਿਸੀਲ ਦੇ ਪਿੰਡ ਮਹਿਮੂਦਪੁਰ ਵਿਖੇ ਜੋ ਪਿਛਲੇ ਦਿਨੀ ਜਾਨਵਰ ਨੂੰ ਕਾਬੂ ਕਰਨ ਲਈ ਪਿੰਜਰਾ ਲਗਾਇਆ ਗਿਆ ਸੀ ਉਹ ਵੀ ਅੱਜ ਦੂਸਰੀ ਥਾਂ ਤੇ ਬਦਲਿਆ ਗਿਆ ਹੈ ਕਿਉਕਿ ਇਸ ਪਿੰਡ ਦੇ ਵਸਨੀਕਾਂ ਵਲੋਂ ਮੁੜ ਤੋਂ ਤੇਦੂਆਂ ਬਾਰੇ ਜਾਣਕਾਰੀ ਦਿੱਤੀ ਗਈ ਸੀ। ਇਨਾਂ ਪਿੰਡਾਂ ਵਿਚ ਜਿਸ ਤਰਾਂ ਦੀਆਂ ਸੂਚਨਾ ਮਿਲ ਰਹੀਆਂ ਹਨ ਉਨਾਂ ਨੂੰ ਵੇਖਦੇ ਹੋਏ ਪਿੰਜਰਾ ਲਗਾਇਆ ਜਾਵੇਗਾ। ਪਿੰਡ ਸਿੰਬਲਮਾਜਰਾ ਦੇ ਵਸਨੀਕ ਗੁਰਪ੍ਰੀਤ ਸਿੰਘ ਜੋ ਟੀਮ ਦੇ ਨਾਲ ਸਨ ਉਨਾਂ ਦਸਿਆ ਕਿ ਅਮਰਜੀਤ ਸਿੰਘ, ਜੀਵਨ ਸਿੰਘ, ਅਮਰਦੀਪ ਸਿੰਘ, ਨੀਟਾ ਰੁੜਕੀ ਸਮੇਤ ਹੋਰ ਪਿੰਡਾਂ ਦੇ ਵਸਨੀਕ ਹਾਜ਼ਰ ਸਨ। ਜੰਗਲੀ ਜੀਵ ਸੁਰੱਖਿਆ ਵਿਭਾਗ ਮੁਹਾਲੀ ਦੀ ਟੀਮ ਵਲੋਂ ਪਿੰਡਾਂ ਦੇ ਵਸਨੀਕਾਂ ਨੂੰ ਨਾਲ ਲੈ ਕੇ ਪਿੰਡ ਰੁੜਕੀ ਪੁਖਤਾ, ਪਿੰਡ ਸਿੰਬਲਮਾਜਰਾ ਵਿਖੇ ਟਰੈਕਟਰਾਂ ਤੇ ਚੜਕੇ ਸ਼ਾਮਲਾਤ ਜ਼ਮੀਨ ਵਿਚ ਤੇਦੂਆਂ ਦੀ ਭਾਲ ਕੀਤੀ। ਜੰਗਲੀ ਜੀਵ ਸੁਰੱਖਿਆ ਵਿਭਾਗ ਦੀ ਟੀਮ ਵਲੋਂ ਪਿੰਡਾਂ ਦੇ ਵਸਨੀਕਾਂ ਨੂੰ ਸੁਚੇਤ ਕਰਦਿਆ ਕਿਹਾ ਕਿ ਉਹ ਅਫਵਾਹਾਂ ਤੋਂ ਸੁਚੇਤ ਰਹਿਣ, ਦਿਨ ਰਾਤ ਵਿਭਾਗ ਦੀਆਂ ਟੀਮਾਂ ਦੀ ਗਸਤ ਇਸ ਖੇਤਰ ਦੇ ਪਿੰਡਾਂ ਵਿਚ ਕੀਤੀ ਜਾ ਰਹੀ ਹੈ ਜੇਕਰ ਕਿਤੇ ਵੀ ਇਸ ਤਰਾਂ ਦੀ ਗੱਲ ਹੁੰਦੀ ਹੈ ਤਾਂ ਉਹ ਸੂਚਨਾ ਦੇ ਸਕਦੇ ਹਨ।

ਰੋਜ਼ਾਨਾ ਲੋਕ ਬਾਣੀ www.lokbani

# ਨਾਮਧਾਰੀ ਧਰਮਸ਼ਾਲਾ ਫਗਵਾੜਾ ਵਿਖੇ ਸਲਾਨਾ ਨਾਮ ਸਿਮਰਨ ਜੱਪ ਪ੍ਰਯੋਗ ਦੀ ਹੋਈ ਆਰੰਭਤਾ







## ਅੰਮ੍ਰਿਤ ਵੇਲੇ ਸੰਗਤਾਂ ਨੇ ਮਾਣਿਆ ਆਸਾ ਦੀ ਵਾਰ ਦਾ ਆਨੰਦ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਨਾਮਧਾਰੀ ਧਰਮਸ਼ਾਲਾ ਸੰਤ ਨਗਰ ਫਗਵਾੜਾ ਵਿਖੇ ਇਲਾਕੇ ਭਰ ਦੀਆਂ ਨਾਮਧਾਰੀ ਸੰਗਤਾਂ ਵਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਮੌਜੂਦਾ ਸਤਿਗੁਰੂ ਸ਼੍ਰੀ ਉਦੇ ਸਿੰਘ ਜੀ ਦੀ ਰਹਿਨੁਮਾਈ ਅਤੇ ਬਖਸ਼ਿਸ਼ ਸਦਕਾ ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਲਾਨਾ ਨਾਮ ਸਿਮਰਨ ਦਾ ਜੱਪ ਪ੍ਰਯੋਗ ਸ਼ੁਰੂ ਕੀਤਾ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ 40 ਦਿਨਾਂ ਤੱਕ ਚੱਲਣ ਵਾਲੇ ਇਸ ਜੱਪ ਪ੍ਰਯੋਗ ਵਿਚ ਨਾਮਧਾਰੀ ਸਿੰਘ, ਬੀਬੀਆਂ, ਬਜ਼ੁਰਗ ਤੇ ਬੱਚੇ ਰੋਜਾਨਾ ਅੰਮ੍ਰਿਤ ਵੇਲੇ ਸਵੇਰੇ 4 ਤੋਂ 6 ਵਜੇ ਤੱਕ ਗੁਰਮੰਤਰ ਦਾ ਜਾਪ ਕਰਦੇ ਹਨ। ਇਸ ਦੌਰਾਨ ਸੰਗਤਾਂ ਸ਼੍ਰੀ ਭੈਣੀ ਸਾਹਿਬ ਤੋਂ ਲਾਈਵ ਆਸ਼ਾ ਦੀ ਵਾਰ ਦੇ ਕੀਰਤਨ ਦਾ ਵੀ ਆਨੰਦ ਮਾਣਦੀਆਂ ਹਨ। ਇਸ ਜੱਪ ਪ੍ਰਯੋਗ ਦੌਰਾਨ ਇਸਤਰੀ ਵਿਦਿਅਕ ਜੱਥੇ ਦੀਆਂ ਬੀਬੀਆਂ ਵਲੋਂ ਨਾਮਧਾਰੀ ਸੰਗਤ ਦੇ ਮੀਤ ਪ੍ਰਧਾਨ ਸੰਤ ਜਸਪਾਲ ਸਿੰਘ ਚਾਨਾ ਦੀ ਅਗਵਾਈ ਹੇਠ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ ਕੀਤਾ ਗਿਆ।

ਬੀਬੀ ਅਮਨਦੀਪ ਕੌਰ ਅਤੇ ਬੀਬੀ ਕੁਲਜੀਤ ਕੌਰ ਨੇ ਸਾਥਣਾਂ ਦੇ ਨਾਲ ਮਿਲ ਕੇ ਨਾਮਧਾਰੀ ਸ਼ੈਲੀ ਦੇ ਇਸ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਜਸਪਾਲ ਸਿੰਘ ਚਾਨਾ ਨੇ ਦੱਸਿਆ ਕਿ ਆਸਾ ਦੀ ਵਾਰ ਦੀ ਇਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਪ੍ਰਚੱਲਤ ਹੈ। ਜੋ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਬੁਲੰਦੀਆਂ ਤੇ ਰਹੀ ਅਤੇ ਹੁਣ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਵੀ ਇਹ ਪ੍ਰੰਪਰਾ ਨਾਮਧਾਰੀ ਸਿੰਘਾਂ ਵਿਚ ਉਸੇ ਤਰ੍ਹਾਂ ਜਾਰੀ ਹੈ। ਜੱਪ ਪ੍ਰਯੋਗ ਦੀ ਪਰੰਪਰਾ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ ਸ਼ੁਰੂ ਕੀਤੀ ਗਈ ਸੀ ਜੋ ਕਿ ਇਕ ਸਦੀ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਨਾਮਧਾਰੀਆਂ ਵਲੋਂ ਉਸੇ ਉਤਸ਼ਾਹ ਨਾਲ ਨਿਰੰਤਰ ਜਾਰੀ ਹੈ। ਉਹਨਾਂ ਦੱਸਿਆ ਕਿ ਨਾਮਧਾਰੀਆਂ ਦਾ ਇਹ ਸਲਾਨਾ ਜੱਪ ਪ੍ਰਯੋਗ ਅੱਸੂ ਦੇ ਮੇਲੇ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੌਰਾਨ ਕੜਾਹ ਪ੍ਰਸਾਦ ਦੀ ਦੇਗ ਉਪਰੰਤ ਛੋਲੇ ਭਟੂਰਿਆਂ ਦੇ ਲੰਗਰ ਦੀ ਸੇਵਾ ਵਰਤਾਈ ਗਈ। ਇਸ ਮੌਕੇ ਡਾ. ਗੁਰਦੀਪ ਸਿੰਘ ਮੋਰੋਂ, ਮਹੰਤ ਹਰਪ੍ਰੀਤ ਸਿੰਘ ਕੂਕਾ, ਸੰਤ ਹਰਨਾਮ ਸਿੰਘ, ਬਲਦੇਵ ਸਿੰਘ ਸੰਤ ਨਗਰ, ਸੰਤ ਤਰਨ ਸਿੰਘ, ਗੁਰਮਿੰਦਰ ਸਿੰਘ, ਸੁਰਿੰਦਰ ਸਿੰਘ, ਹਰਜੀਤ ਸਿੰਘ ਭਮਰਾ, ਸੰਤ ਸੁਦਾਗਰ ਸਿੰਘ, ਰੁਪਿੰਦਰ ਸਿੰਘ, ਗੁਰਪਾਲ ਸਿੰਘ, ਪ੍ਰਿਤਪਾਲ ਸਿੰਘ, ਅਮਰਵੀਰ ਸਿੰਘ, ਕੁਲਵੰਤ ਸਿੰਘ, ਸਤਨਾਮ ਸਿੰਘ, ਮੋਹਣ ਸਿੰਘ, ਵੈਦ ਗਿਆਨ ਸਿੰਘ ਫਲੌਰਾ, ਸੰਤ ਬਲਦੇਵ ਸਿੰਘ, ਦਿਲਪ੍ਰੀਤ ਸਿੰਘ, ਬਲਵਿੰਦਰ ਸਿੰਘ, ਬਲਕਾਰ ਸਿੰਘ, ਰਾਗੀ ਵਰਿੰਦਰ ਸਿੰਘ, ਸੰਤ ਗੁਰਦੀਪ ਸਿੰਘ ਟਰੱਕਾਂ ਵਾਲੇ, ਕੇਵਲ ਸਿੰਘ, ਭਰਪੂਰ ਸਿੰਘ, ਅਮਰੀਕ ਸਿੰਘ, ਹੀਰਾ ਸਿੰਘ, ਅਜਮੇਰ ਸਿੰਘ, ਆਸਾ ਸਿੰਘ, ਗੰਗਾ ਸਿੰਘ, ਬੀਬੀ ਨਰਿੰਦਰ ਕੌਰ, ਪਲਵਿੰਦਰ ਕੌਰ ਚਾਨਾ ਸਮੇਤ ਵੱਡੀ ਗਿਣਤੀ ਵਿਚ ਬੀਬੀਆਂ ਤੇ ਬੱਚੇ ਵੀ ਹਾਜਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਅਜੈਵੀਰ ਸਿੰਘ ਲਾਲਪੁਰਾ ਨੇ ਰਾਹੁਲ ਗਾਂਧੀ ਵਲੋਂ ਅਮਰੀਕਾ 'ਚ ਸਿੱਖਾਂ ਸੰਬੰਧੀ ਟਿੱਪਣੀ ਦੀ ਕੀਤੀ ਸਖਤ ਨਿਖੇਧੀ



ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਜ਼ਿਲ੍ਹਾ ਭਾਜਪਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਰਾਹੁਲ ਗਾਂਧੀ ਦੀ ਵਿਦੇਸ਼ ਵਿੱਚ ਸਿੱਖਾਂ ਦੀ ਦਸਤਾਰ ਅਤੇ ਕਕਾਰ ਬਾਰੇ ਕੀਤੀਆਂ ਟਿੱਪਣੀਆਂ ਦੀ ਕੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਕਿਸੇ ਵੀ ਸਿੱਖ ਨੂੰ ਦਸਤਾਰ ਬੰਨ੍ਹਣ ਜਾਂ ਗੁਰਦੁਆਰੇ ਜਾਣ ਤੋਂ ਕਦੇ ਨਹੀਂ ਰੋਕਿਆ ਗਿਆ। ਲਾਲਪੁਰਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿੱਖ ਧਰਮ ਪ੍ਰਤੀ ਗਹਿਰੇ ਸਤਿਕਾਰ ਬਾਬਤ ਕਿਹਾ ਕਿ ਮੋਦੀ ਜੀ ਜਦੋਂ ਵੀ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਦੇ ਹਨ, ਤਾਂ ਮਾਣ ਨਾਲ ਦਸਤਾਰ ਸਜਾਉਂਦੇ ਹਨ। ਰਾਹੁਲ ਗਾਂਧੀ ਦੀ ਟਿੱਪਣੀ ਵਿਵਾਦ ਅਤੇ ਨਫਰਤ ਦੇ ਬੀਜ ਬੋਣ ਦਾ ਖ਼ਤਰਨਾਕ ਯਤਨ ਹੈ।ਲਾਲਪੁਰਾ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਦਾਦੀ, ਇੰਦਰਾ ਗਾਂਧੀ, 1984 ਦੇ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਹੈ, ਅਤੇ ਉਨ੍ਹਾਂ ਦੇ ਪਿਤਾ ਰਾਜੀਵ ਗਾਂਧੀ ਨੇ ਇੱਕ ਵਾਰ ਕਿਹਾ ਸੀ ਕਿ ਜਦੋਂ ਇੱਕ ਵੱਡਾ ਰੁੱਖ ਡਿਗਦਾ ਹੈ, ਤਾਂ ਧਰਤੀ ਹਿੱਲਦੀ ਹੈ। ਇਹ ਬਿਆਨ ਸਿੱਖਾਂ ਵਿਰੁੱਧ ਹਿੰਸਾ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਸੀ। ਗਾਂਧੀ ਪਰਿਵਾਰ ਦਾ ਸਿੱਖ ਧਰਮ ਨੂੰ ਨਿਸ਼ਾਨਾ ਬਣਾਉਣ ਦਾ ਇਤਿਹਾਸ ਸਾਰਿਆਂ ਨੂੰ ਪਤਾ ਹੈ, ਅਤੇ ਰਾਹੁਲ ਗਾਂਧੀ ਦੀਆਂ ਟਿੱਪਣੀਆਂ ਉਸੇ ਵਿਰਾਸਤ ਦਾ ਹਿੱਸਾ ਹਨ। ਲਾਲਪੁਰਾ ਨੇ ਕਾਂਗਰਸ ਪਾਰਟੀ ਦੀ ਫੂਟ ਪਾਉਣ ਅਤੇ ਰਾਜ ਕਰਨ ਦੀ ਨੀਤੀ ਦੀ ਅਲੋਚਨਾ ਕੀਤੀ ਅਤੇ ਕਿਹਾ ਕਿ ਰਾਹੁਲ ਗਾਂਧੀ ਦਾ ਇਹ ਬਿਆਨ ਸਿੱਖ ਭਾਈਚਾਰੇ ਪ੍ਰਤੀ ਉਨ੍ਹਾਂ ਦੀ ਪਾਰਟੀ ਦੀ ਨਫਰਤ ਭਰੀ ਸਿਆਸਤ ਦਾ ਇੱਕ ਹੋਰ ਉਦਾਹਰਨ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿੱਖਾਂ ਲਈ ਕੀਤੇ ਗਏ ਕੰਮਾਂ ਨੂੰ ਉਜਾਗਰ ਕਰਦੇ ਹੋਏ ਲਾਲਪੁਰਾ ਨੇ ਕਿਹਾ ਕਿ ਮੋਦੀ ਸਰਕਾਰ ਨੇ ਸਿੱਖਾਂ ਦੇ ਭਲਾਈ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਕਰਤਾਰਪੁਰ ਕੌਰੀਡੋਰ ਦਾ ਉਦਘਾਟਨ, 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਲਾਉਣ ਦੀ ਦਿਸ਼ਾ ਵਿੱਚ ਯਤਨ, ਅਤੇ ਸਿੱਖ ਭਾਈਚਾਰੇ ਦੇ ਵਿਕਾਸ ਲਈ ਵੱਖ-ਵੱਖ ਯੋਜਨਾਵਾਂ ਦਾ ਉਦਘਾਟਨ ਮੋਦੀ ਸਰਕਾਰ ਦੀ ਸਿੱਖਾਂ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਲਾਲਪੁਰਾ ਨੇ ਕਿਹਾ ਕਿ ਕਾਂਗਰਸ ਆਗੂ ਜਗਦੀਸ਼ ਟਾਇਟਲਰ ਵਰਗੇ ਦੋਸ਼ੀਆਂ ਨੂੰ ਬਚਾਉਣ ਅਤੇ ਉਨ੍ਹਾਂ ਨੂੰ ਸਨਮਾਨਿਤ ਕਰਨ ਦਾ ਕੰਮ ਕਾਂਗਰਸ ਨੇ ਕੀਤਾ ਹੈ, ਜੋ 1984 ਦੇ ਸਿੱਖ ਕਤਲੇਆਮ ਵਿੱਚ ਸ਼ਾਮਲ ਸਨ। ਅਜੈਵੀਰ ਸਿੰਘ ਲਾਲਪੁਰਾ ਨੇ ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਅਤੇ ਸਿੱਖ ਧਰਮ ਅਤੇ ਇਸ ਦੀਆਂ ਮਾਨਤਾਵਾਂ ਵਿਰੁੱਧ ਇਸ ਤਰ੍ਹਾਂ ਦੀ ਵੰਨਗੀਮਿਜ਼ ਸਿਆਸਤ ਦਾ ਵਿਰੋਧ ਕਰਨ ਦਾ ਅਪੀਲ ਕੀਤੀ।

ਰੋਜ਼ਾਨਾ ਲੋਕ ਬਾਣੀ www.lokbani

# ਸਾਇੰਸ ਟੀਚਰਜ਼ ਐਸੋਸੀਏਸ਼ਨ ਵਲੋਂ ਖੇਡਾਂ ਖੇਡ ਕੇ ਮਨਾਇਆ ਅਧਿਆਪਕ ਦਿਵਸ



## ਵਿਲੱਖਣ ਪ੍ਰਾਪਤੀ ਵਾਲੇ ਅਧਿਆਪਕਾਂ ਦਾ ਕੀਤਾ ਸਨਮਾਨ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਅਧਿਆਪਕ ਦਿਵਸ ਦੇ ਸਬੰਧ ਵਿੱਚ ਸਾਇੰਸ ਟੀਚਰਜ਼ ਐਸੋਸੀਏਸ਼ਨ ( ਰਜ਼ਿ.) ਪੰਜਾਬ ਦੇ ਫਗਵਾੜਾ ਯੂਨਿਟ ਵਲੋਂ ਪ੍ਰਧਾਨ ਰਾਜੀਵ ਸੌਨੀ ਅਤੇ ਸੂਬਾ ਪ੍ਰਧਾਨ ਹਰਿੰਦਰ ਕੌਰ ਸੇਠੀ ਦੀ ਪ੍ਰਧਾਨਗੀ ਵਿੱਚ ਫਗਵਾੜਾ ਦੇ ਇੱਕ ਨਿੱਜੀ ਹੋਟਲ ਵਿਖੇ ਇੱਕ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਨਵ ਨਿਯੁਕਤ ਉਪ ਜ਼ਿਲ੍ਹਾ ਸਿੱਖਿਆ ਅਫਸਰ ਕਪੂਰਥਲਾ ( ਸੈ.ਸਿ.) ਰਾਜੇਸ਼ ਕੁਮਾਰ ਭੱਲਾ ਹਾਜ਼ਰ ਹੋਏ ਅਤੇ ਪ੍ਰੋਗਰਾਮ ਦੀ ਪ੍ਰਧਾਨਗੀ ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫਸਰ ਗੁਰਸ਼ਰਨ ਸਿੰਘ ਗੁਰਾਇਆ ਵਲੋਂ ਕੀਤੀ ਗਈ । ਇਸ ਵਿੱਚ ਬਿਨਾਂ ਕਿਸੇ ਭਾਸ਼ਣ ਦੇ ਵੱਖ ਵੱਖ ਤਰਾਂ ਦੀਆਂ ਮਨ ਪ੍ਰਚਾਵੇ ਵਾਲੀਆਂ ਖੇਡਾਂ ਖੇਡ ਕੇ ਖੁਸ਼ੀ ਸਾਂਝੀ ਕੀਤੀ । ਪ੍ਰੋਜੈਕਟ ਡਾਇਰੈਕਟਰਾਂ ਮਿੰਨੀ, ਸਵਿਤਾ ਪਵਾਰ, ਦੀਕਸ਼ਾ ਸ਼ਰਮਾ ਅਤੇ ਧੀਰਜ ਸ਼ਰਮਾ ਵਲੋਂ ਵੱਖ-ਵੱਖ ਅਧਿਆਪਕਾਂ ਦੇ ਗਰੁੱਪ ਬਣਾ ਕੇ ਖੇਡਾਂ ਖਿਡਾ ਕੇ ਸਾਰੇ ਅਧਿਆਪਕਾਂ ਦੀ ਸ਼ਮੂਲੀਅਤ ਕਰਵਾਈ ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸੂਬਾ ਪ੍ਰਧਾਨ ਹਰਿੰਦਰ ਕੌਰ ਸੇਠੀ ਨੇ ਸਭ ਨੂੰ ਜੀ ਆਇਆਂ ਨੂੰ ਕਿਹਾ ਅਤੇ ਸਾਬਕਾ ਰਾਸ਼ਟਰਪਤੀ ਡਾ, ਰਾਧਾ ਕ੍ਰਿਸ਼ਨ ਸਰਵਪੱਲੀ ਜੀ ਦੇ ਜੀਵਨਕਾਲ ਤੇ ਵਿਚਾਰ ਪੇਸ਼ ਕੀਤੇ । ਪ੍ਰੋਗਰਾਮ ਦੌਰਾਨ ਪਿਛਲੇ ਸਾਲ ਵਿਗਿਆਨ ਮੁਕਾਬਲਿਆਂ ਵਿੱਚ ਵਿਸ਼ੇਸ਼ ਪ੍ਰਾਪਤੀ ਵਾਲੇ ਅਧਿਆਪਕਾਂ ਕਮਲ ਗੁਪਤਾ, ਅਨੂ ਧੀਰ ਅਤੇ ਮੈਡਮ ਮਿੰਨੀ ਦੇ ਨਾਲ ਨਾਲ ਸਾਇੰਸ ਅਧਿਆਪਕਾ ਤੋਂ ਲੈਕਚਰਾਰ ਪਦ ਉੱਨਤ ਗੁਰਕਮਲ ਕੌਰ ਅਤੇ ਪ੍ਰਿੰਸੀਪਲ ਤੋਂ ਉਪ ਜ਼ਿਲ੍ਹਾ ਸਿੱਖਿਆ ਅਫਸਰ ਬਣੇ ਰਾਜੇਸ਼ ਕੁਮਾਰ ਭੱਲਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ । ਉਪ-ਜ਼ਿਲ੍ਹਾ ਸਿੱਖਿਆ ਅਫਸਰ ਰਾਜੇਸ਼ ਕੁਮਾਰ ਵਲੋਂ ਪ੍ਰਧਾਨ ਹਰਿੰਦਰ ਕੌਰ ਸੇਠੀ ਅਤੇ ਰਾਜੀਵ ਸੌਨੀ ਦੇ ਇਸ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕਰਦਿਆਂ ਵਿਚਾਰ ਪ੍ਰਗਟ ਕੀਤੇ ਕਿ ਅਧਿਆਪਕ ਦਿਵਸ ਅਧਿਆਪਕਾਂ ਨੂੰ ਸਮਰਪਿਤ ਹੈ ਅਤੇ ਇਕੱਠੇ ਹੋਕੇ ਪਰਿਵਾਰ ਵਾਂਗ ਮਨਾ ਕੇ ਇਸ ਦਿਨ ਦੀ ਖੁਸ਼ੀ ਨੂੰ ਕਈ ਗੁਣਾ ਵਧਾਇਆ ਜਾ ਸਕਦਾ ਹੈ ।ਪ੍ਰੋਗਰਾਮ ਪ੍ਰਧਾਨ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ( ਸੈ ਸਿੱ ) ਜਲੰਧਰ ਗੁਰਸ਼ਰਨ ਸਿੰਘ ਨੇ ਕਿਹਾ ਕਿ ਇਹ ਪ੍ਰੋਗਰਾਮ ਅਧਿਆਪਕਾਂ ਵਲੋਂ, ਅਧਿਆਪਕਾਂ ਲਈ ਅਤੇ ਅਧਿਆਪਕਾਂ ਲਈ ਹੋਣ ਕਾਰਣ ਵਿਸ਼ੇਸ਼ ਸਥਾਨ ਰੱਖਦਾ ਹੈ । ਕੇਕ ਕੱਟ ਕੇ ਸਾਬਕਾ ਰਾਸ਼ਟਰਪਤੀ ਦਾ ਜਨਮ ਮਨਾਉਣ ਵਾਲੇ ਇਸ ਪ੍ਰੋਗਰਾਮ ਵਿੱਚ ਬੀ.ਐਮ. ਸਤੀਸ਼ ਕੁਮਾਰ, ਬੀ.ਐਮ. ਅਮਨ ਅੱਤਰੀ, ਹੈਡਮਾਸਟਰ ਇੰਦਰਜੀਤ ਸਿੰਘ, ਹੈਡਮਿਸਟ੍ਰੈਸ ਪਰਮਜੀਤ ਰਾਣਾ ਹਰਜਿੰਦਰ ਗੋਗਨਾ, ਨਰੇਸ਼ ਕੋਹਲੀ, ਵਰਿੰਦਰ ਸਿੰਘ ਕੰਬੋਜ, ਵਰਿੰਦਰ ਸ਼ਰਮਾ, ਅਭੀ ਰਾਮ ਸਿਆਲ, ਰਾਜੇਸ਼ ਅੱਤਰੀ, ਰਾਜੇਸ਼ ਭਨੋਟ ,ਰਾਕੇਸ਼ ਰਾਏ , ਸੁਰਿੰਦਰ ਵਸ਼ਿਸ਼ਟ, ਰਾਜੀਵ ਸੋਨੀ, ਗੁਰਕਮਲ ਕੌਰ, ਧੀਰਜ ਸ਼ਰਮਾ, ਹਰਜੀਤ ਕੌਰ, ਸੀਮਾ ਸ਼ਰਮਾ, ਸਰਵਰ ਸੁਲਤਾਨਾ, ਕਮਲ ਗੁਪਤਾ, ਹਰਜਿੰਦਰ ਸਿੰਘ, ਦੀਪਕ ਕੁਮਾਰ, ਰਾਹੁਲ ਗਾਬਾ, ਦੀਕਸ਼ਾ ਸ਼ਰਮਾ, ਰਿਚਾ ਸ਼ਰਮਾ. ਕਰਮਜੀਤ ਸਿੰਘ , ਵਿੱਪਨ ਸੋਨੀ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਸਰਬ ਨੌਜਵਾਨ ਸਭਾ ਦੇ ਸਮੂਹਿਕ ਵਿਆਹ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਪਹੁੰਚਣਗੇ ਡੀ.ਜੀ.ਪੀ. ਅਰਪਿਤ ਸ਼ੁਕਲਾ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਵਲੋਂ 6 ਅਕਤੂਬਰ ਨੂੰ ਕਰਵਾਏ ਜਾ ਰਹੇ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਸਮੂਹਿਕ ਵਿਆਹ ਸਮਾਗਮ ਦੇ ਸਬੰਧ ਵਿਚ ਅੱਜ ਸਭਾ ਦੇ ਮੈਂਬਰਾਂ ਨੇ ਚੰਡੀਗੜ੍ਹ ਸਥਿਤ ਪੁਲਿਸ ਹੈੱਡ ਕੁਆਰਟਰ ਵਿਖੇ ਡੀ.ਜੀ.ਪੀ. ਅਰਪਿਤ ਸ਼ੁਕਲਾ (ਲਾਅ ਐਂਡ ਆਰਡਰ ਪੰਜਾਬ) ਨਾਲ ਮੁਲਾਕਾਤ ਕੀਤੀ ਇਸ ਦੌਰਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਵਲੋਂ ਡੀ.ਜੀ.ਪੀ. ਸ਼ੁਕਲਾ ਨੂੰ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਸ਼ਮੂਲੀਅਤ ਕਰਨ ਲਈ ਸੱਦਾ ਪੱਤਰ ਦਿੱਤਾ ਗਿਆ। ਜਿਸ ਤੇ ਡੀ.ਜੀ.ਪੀ. ਸ਼ੁਕਲਾ ਨੇ ਭਰੋਸਾ ਦਿੱਤਾ ਕਿ ਉਹ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਧੀਆਂ ਨੂੰ ਆਸ਼ੀਰਵਾਦ ਦੇਣ ਲਈ ਜਰੂਰ ਪਹੁੰਚਣਗੇ। ਪ੍ਰਧਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਸਰਬ ਨੌਜਵਾਨ ਸਭਾ ਵਲੋਂ ਪਿਛਲੇ ਕਾਫੀ ਸਾਲਾਂ ਤੋਂ ਹਰ ਸਾਲ ਜਰੂਰਤਮੰਦ ਗਰੀਬ ਪਰਿਵਾਰਾਂ ਦੀਆਂ ਧੀਆਂ ਦੇ ਸਮੂਹਿਕ ਵਿਆਹ ਕਰਵਾਏ ਜਾਂਦੇ ਹਨ। ਇਸ ਸਮਾਗਮ ਵਿਚ ਪੰਜਾਬ ਭਰ ਤੋਂ ਪਤਵੰਤੇ ਨਵ-ਵਿਆਹੇ ਜੋੜਿਆਂ ਨੂੰ ਅਸ਼ੀਰਵਾਦ ਦੇਣ ਲਈ ਪਹੁੰਚਦੇ ਹਨ। ਇਸ ਵਾਰ ਵਿਆਹ ਸਮਾਗਮ 6 ਅਕਤੂਬਰ ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਖੇ ਕਰਵਾਏ ਜਾ ਰਹੇ ਹਨ। ਜਿਸ ਤੋਂ ਬਾਅਦ ਹਰ ਸਾਲ ਦੀ ਤਰ੍ਹਾਂ ਸ਼ੁਕਰਾਨੇ ਵਜੋਂ ਮਹਾਂਮਾਈ ਦੀ ਵਿਸ਼ਾਲ ਚੌਂਕੀ 13 ਅਕਤੂਬਰ ਦਿਨ ਐਤਵਾਰ ਨੂੰ ਖੇੜਾ ਰੋਡ ਫਗਵਾੜਾ ਵਿਖੇ ਕਰਵਾਈ ਜਾਵੇਗੀ। ਉਹਨਾਂ ਦੱਸਿਆ ਕਿ ਦੋਵੇਂ ਸਮਾਗਮਾਂ ਦੀਆਂ ਤਿਆਰੀਆਂ ਜੰਗੀ ਪੱਧਰ ਤੇ ਜਾਰੀ ਹਨ। ਇਸ ਮੌਕੇ ਯਾਦਵਿੰਦਰ ਸਿੰਘ ਸਿੱਧੂ, ਨਰਿੰਦਰ ਸਿੰਘ ਸੈਣੀ, ਰਾਕੇਸ਼ ਕੋਛੜ, ਮਨਵੀਰ ਸਿੰਘ ਸੀਹਰਾ ਅਤੇ ਮਨਦੀਪ ਬਾਸੀ ਵੀ ਉਹਨਾਂ ਦੇ ਨਾਲ ਸਨ

ਰੋਜ਼ਾਨਾ ਲੋਕ ਬਾਣੀ www.lokbani

# ਨਵੀਂ ਬਣੀ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੀ ਚਾਰਟਰ ਨਾਈਟ ਦਾ ਹੋਇਆ ਸ਼ਾਨਦਾਰ ਆਯੋਜਨ

## ਜ਼ਿਲ੍ਹਾ ਗਵਰਨਰ ਰਸ਼ਪਾਲ ਸਿੰਘ ਬੱਚਾਜੀਵੀ ਨੇ ਕਲੱਬ ਨੂੰ ਦਿੱਤਾ ਚਾਰਟਰ

ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਲਾਇਨਜ਼ ਇੰਟਰਨੈਸ਼ਨਲ 321-ਡੀ ਦੀ ਨਵੀਂ ਬਣੀ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਦੀ ਚਾਰਟਰ ਨਾਈਟ ਦਾ ਆਯੋਜਨ ਹੋਟਲ ਗ੍ਰੈਂਡ ਅੰਬੈਸਡਰ ਵਿਖੇ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਗਵਰਨਰ ਲਾਇਨ ਰਛਪਾਲ ਸਿੰਘ ਬੱਚਾਜੀਵੀ ਨੇ ਕੀਤੀ। ਜਦਕਿ ਗੈਸਟ ਆਫ ਆਨਰ ਵਜੋਂ ਡਿਸਟ੍ਰਿਕਟ ਵਾਈਸ ਗਵਰਨਰ-1 ਲਾਇਨ ਵੀ.ਐਮ. ਗੋਇਲ ਅਤੇ ਸਟਾਰ ਗੈਸਟ ਵਜੋਂ ਡਿਸਟ੍ਰਿਕਟ ਚੇਅਰਮੈਨ (ਪੀਸ ਪੋਸਟਰ) ਲਾਇਨ ਗੁਰਦੀਪ ਸਿੰਘ ਕੰਗ ਐਮ.ਜੇ.ਐਫ. ਹਾਜ਼ਰ ਹੋਏ। ਵਿਸ਼ੇਸ਼ ਮਹਿਮਾਨਾਂ ਵਿੱਚ ਲਾਇਨ ਹਰਵਿੰਦਰ ਸਿੰਘ ਡੀ.ਸੀ.ਐਸ., ਲਾਇਨ ਕਨਵਰਜੀਤ ਸਿੰਘ ਡਿਪਟੀ ਡੀ.ਸੀ.ਟੀ., ਲਾਇਨ ਸਰਬਜੀਤ ਸਿੰਘ ਸ਼ਾਮਿਲ ਸਨ ਡਿਸਟ੍ਰਿਕਟ ਗਵਰਨਰ ਲਾਇਨ ਰਸ਼ਪਾਲ ਸਿੰਘ ਬੱਚਾਜੀਵੀ ਨੇ ਕਲੱਬ ਨੂੰ ਚਾਰਟਰ ਦੇਣ ਦੇ ਨਾਲ-ਨਾਲ ਆਪਣੀਆਂ ਸ਼ੁਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਅੰਤਰਰਾਸ਼ਟਰੀ ਪਿੰਨ ਲਗਾਈ ਅਤੇ ਕਲੱਬ ਦੀ ਟੀਮ ਅਤੇ ਮੈਂਬਰਾਂ ਨੂੰ ਸਰਟੀਫਿਕੇਟ ਵੀ ਭੇਟ ਕੀਤੇ ਨਵ-ਗਠਿਤ ਕਲੱਬ ਦੇ ਚਾਰਟਰ ਪ੍ਰਧਾਨ ਲਾਇਨ ਸੰਜੀਵ ਸੂਰੀ ਨੇ ਡਿਸਟ੍ਰਿਕਟ ਗਵਰਨਰ ਲਾਇਨ ਬੱਚਾਜੀਵੀ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਕਲੱਬ ਆਪਣੇ ਨਾਮ ਅਨੁਸਾਰ ਸਮਾਜ ਦੀ ਸੇਵਾ ਵਿੱਚ ਚੈਂਪੀਅਨ ਬਣੇਗੀ। ਗੈਸਟ ਆਫ਼ ਆਨਰ ਲਾਇਨ ਵੀ.ਐਮ. ਗੋਇਲ ਨੇ ਚਾਰਟਰ ਪ੍ਰਧਾਨ ਸੰਜੀਵ ਸੂਰੀ, ਕਲੱਬ ਦੇ ਸਕੱਤਰ ਲਾਇਨ ਦਿਨੇਸ਼ ਖਰਬੰਦਾ, ਕੈਸ਼ੀਅਰ ਲਾਇਨ ਅਜੇ ਕੁਮਾਰ ਅਤੇ





ਪੀ.ਆਰ.ਓ. ਲਾਇਨ ਸਤਵਿੰਦਰ ਸਿੰਘ ਭਮਰਾ ਨੂੰ ਸਹੁੰ ਚੁਕਾਈ। ਸਮੂਹ ਮਹਿਮਾਨਾਂ ਨੇ ਚਾਰਟਰ ਪ੍ਰਧਾਨ ਸੰਜੀਵ ਸੂਰੀ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੰਦੇ ਹੋਏ ਦੱਸਿਆ ਕਿ ਲਾਇਨਜ਼ ਇੰਟਰਨੈਸ਼ਨਲ ਇੱਕ ਮੋਹਰੀ ਸਮਾਜ ਸੇਵੀ ਸੰਸਥਾ ਹੈ ਜਿਸ ਦੀਆਂ ਵਿਸ਼ਵ ਭਰ ਵਿੱਚ ਸ਼ਾਖਾਵਾਂ ਸਮਾਜ ਸੇਵਾ ਦੇ ਖੇਤਰ ਵਿੱਚ ਕਾਫੀ ਸਰਗਰਮ ਹਨ। ਉਨ੍ਹਾਂ ਨਵੀਂ ਟੀਮ ਨੂੰ ਵਧਾਈ ਦਿੰਦਿਆਂ ਵਿਸ਼ਵਾਸ਼ ਪ੍ਰਗਟਾਇਆ ਕਿ ਲਾਇਨਜ਼ ਕਲੱਬ ਫਗਵਾੜਾ ਚੈਂਪੀਅਨ ਬਣ ਕੇ ਸਮਾਜ ਵਿੱਚ ਨਵੀਆਂ ਪੈੜਾਂ ਪਾਵੇਗਾ। ਪ੍ਰੋਗਰਾਮ ਦੌਰਾਨ ਸਟੇਜ ਦਾ ਸੰਚਾਲਨ ਲਾਇਨ ਸੁਸ਼ੀਲ ਸ਼ਰਮਾ ਐਮ.ਐਮ. ਆਰ. ਨੇ ਜਾਣੇ-ਪਛਾਣੇ ਅੰਦਾਜ਼ ਵਿਚ ਕੀਤਾ। ਇਸ ਦੌਰਾਨ ਕਲੱਬ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ ਇਸ ਮੌਕੇ ਲਾਇਨ ਅਖਿਲ ਵਰਮਾ, ਲਾਇਨ ਅਵਤਾਰ ਸਿੰਘ ਕੁੰਦੀ, ਲਾਇਨ ਜਰਨੈਲ ਸਿੰਘ, ਲਾਇਨ ਸੰਜੀਵ ਲਾਂਬਾ, ਲਾਇਨ ਸੁਮਿਤ ਭੰਡਾਰੀ, ਲਾਇਨ ਸ਼ਸ਼ੀ ਕਾਲੀਆ, ਲਾਇਨ ਐਸ.ਕੇ. ਅਗਰਵਾਲ ਐਡਵੋਕੇਟ, ਲਾਇਨ ਵਿਪਨ ਠਾਕੁਰ, ਲਾਇਨ ਓਮ, ਲਾਇਨ ਰਾਜਕੁਮਾਰ ਸਪਰਾ, ਲਾਇਨ ਸੰਦੀਪ ਚਾਹਰ, ਲਾਇਨ ਰਣਧੀਰ ਕਰਵਲ, ਲਾਇਨ ਹਰਸ਼ ਸੂਰੀ, ਲਾਇਨ ਮਨੋਜ ਕੁਮਾਰ, ਲਾਇਨ ਕਰਨ ਗੁਪਤਾ, ਲਾਇਨ ਧਰਮਪਾਲ ਨਿਸ਼ਚਲ, ਲਾਇਨ ਚਰਨਜੀਤ ਸਿੰਘ, ਲਾਇਨ ਵਿੱਕੀ ਚੁੰਬਰ, ਲਾਇਨ ਵਿਪਨ ਸ਼ਰਮਾ, ਲਾਇਨ ਬਲਵਿੰਦਰ ਸਿੰਘ, ਲਾਇਨ ਅਸ਼ਵਨੀ ਕੁਮਾਰ, ਲਾਇਨ ਚਮਨ ਲਾਲ, ਲਾਇਨ ਦਵਿੰਦਰ ਸਿੰਘ, ਲਾਇਨ ਧਰਮਵੀਰ ਢੱਲ ਬਟਾਲਾ ਅਤੇ ਹੋਰ ਪਤਵੰਤੇ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਸਹਿਜਵੀਰ ਨੇ ਲਿਆ ਨਾਟਕੀ ਮੋੜ: ਸਹਿਜ ਨੇ ਸਾਬਤ ਕੀਤਾ ਵਿਕਰਮ ਦੀ ਮੌਤ ਦਾ ਸੱਚ !!



(ਲੋਕ ਬਾਣੀ) ਜ਼ੀ ਪੰਜਾਬੀ ਦੇ ਸਹਿਜਵੀਰ ਦੇ ਤਾਜ਼ਾ ਮੋੜ ਵਿੱਚ, ਸਹਿਜ ਨੇ ਇੱਕ ਵੱਡੇ ਰਾਜ਼ ਦਾ ਪਰਦਾਫਾਸ਼ ਕੀਤਾ, ਜਿਸ ਨਾਲ ਹਰ ਕੋਈ ਹੈਰਾਨ ਰਹਿ ਗਿਆ। ਵਿਕਰਮ ਦੇ ਨਾਮ ਤੇ ਖਾਣੇ ਦਾ ਬਿੱਲ ਮਿਲਣ ਤੋਂ ਬਾਅਦ, ਸਹਿਜ ਨੂੰ ਯਕੀਨ ਹੋ ਗਿਆ ਕਿ ਉਹ ਅਜੇ ਵੀ ਜ਼ਿੰਦਾ ਹੈ। ਉਸ ਦੇ ਸ਼ੱਕ ਉਦੋਂ ਹੋਰ ਡੂੰਘੇ ਹੋ ਜਾਂਦੇ ਹਨ ਜਦੋਂ ਉਹ ਰਾਜਨਾਥ ਨੂੰ ਵੀਜ਼ਾ ਦਫ਼ਤਰ ਵਿਚ ਜਾਂਦੇ ਹੋਏ ਫੜਦੀ ਹੈ, ਜਿਸ ਨਾਲ ਉਸ ਤੇ ਵਿਦੇਸ਼ ਭੱਜਣ ਦੀ ਯੋਜਨਾ ਬਣਾਉਣ ਦਾ ਦੋਸ਼ ਲਗਾਇਆ ਜਾਂਦਾ ਹੈ।

ਆਉਣ ਵਾਲੇ ਐਪੀਸੋਡ ਵਿੱਚ, ਸਹਿਜ ♥36 ਦਫਤਰ ਵਿੱਚ ਸਾਰਿਆਂ ਦਾ ਸਾਹਮਣਾ ਕਰਕੇ ਇੱਕ ਦਲੇਰ ਕਦਮ ਚੁੱਕਦਾ ਹੈ। ਉਹ ਵਿਕਰਮ ਨੂੰ ਜ਼ਿੰਦਾ ਸਾਬਤ ਕਰਦੀ ਹੈ, ਸ਼ੀਤਲ ਨੂੰ ਇਹ ਮੰਨਣ ਲਈ ਮਜਬੂਰ ਕਰਦੀ ਹੈ ਕਿ ਲਾਸ਼ ਨਕਲੀ ਸੀ। ਇਹ ਖੁਲਾਸਾ ਸਭ ਨੂੰ ਹੈਰਾਨ ਕਰ ਦਿੰਦਾ ਹੈ, ਹੋਰ ਤੀਬਰ ਡਰਾਮੇ ਲਈ ਸਟੇਜ ਸੈੱਟ ਕਰਦਾ ਹੈ।

ਕੀ ਪਰਿਵਾਰ ਸਹਿਜ ਦੀ ਗੱਲ ਤੇ ਯਕੀਨ ਕਰੇਗਾ ? ਜ਼ੀ ਪੰਜਾਬੀ ਤੇ ਹਰ ਸੋਮ ਤੋਂ ਸ਼ਨੀਵਾਰ ਰਾਤ 8:30 ਵਜੇ ਸਹਿਜਵੀਰ ਦਾ ਦਿਲਚਸਪ ਐਪੀਸੋਡ ਦੇਖੋ।

# ਸੀਵਰੇਜ ਸਿਸਟਮ ਦਾ ਅਜੇ ਵੀ ਬੁਰਾ ਹਾਲ ਕੱਲੀਆਂ ਗੱਲਾਂ ਕਰਕੇ ਟਪਾਇਆ ਜਾ ਰਿਹਾ ਟਾਈਮ

ਗਿੱਦੜਬਾਹਾ। ਨਰਿੰਦਰ ਵਧਵਾ। ਸ਼ਹਿਰ ਦੇ ਅੰਦਰ ਸੀਵਰੇਜ਼ ਸਿਸਟਮ ਦਾ ਅਜੇ ਵੀ ਬੁਰਾ ਹਾਲ ਹੈ ਕੁਝ ਸਮਾਂ ਪਹਿਲਾਂ ਅਜਿਹਾ ਸੀ ਕਿ ਜਦੋਂ ਸੀਵਰੇਜ ਬਲੋਕ ਹੋ ਜਾਂਦਾ ਉਸ ਸਮੇਂ ਸੀਵਰੇਜ਼ ਦੇ ਗੰਦਾ ਪਾਣੀ ਗਲੀਆਂ ਦੇ ਵਿੱਚ ਸੜਕਾਂ ਦੇ ਉੱਪਰ ਭਰ ਜਾਂਦਾ ਇਥੋਂ ਤੱਕ ਕੀ ਕਈ ਵਾਰਡਾਂ ਦੀਆਂ ਗਲੀਆਂ ਮੁਹੱਲਿਆਂ ਦੇ ਵਿੱਚ ਭਰ ਜਾਂਦਾ ਸੀ ਪਰ ਪ੍ਰਸ਼ਾਸਨ ਨੇ ਕੁਝ ਤੋਂ ਉਸ ਦੇ ਤਾ ਮਸਲਾ ਹੱਲ ਕਰ ਲਿਆ ਸੀ ਪਰ ਹੁਣ ਉਹੋ ਹੀ ਹਾਲ ਦੁਬਾਰਾ ਹੋਣ ਲੱਗ ਪਿਆ ਹੈ ਜਿਸ ਦੀ ਮਿਸਾਲ ਬੰਦ ਪਈ ਪੰਜ ਫੋਟੋ ਨਸਵਾਰ ਫੈਕਟਰੀ ਦੇ ਸਾਹਮਣੇ ਬਣੇਂ ਬੈਂਕ ਦੇ ਗੇਟ ਦੇ ਬਾਹਰ ਖੜ੍ਹਾ ਸੀਵਰੇਜ ਦੇ ਗੰਦਾ ਪਾਣੀ ਜੋ ਕਿ ਆਉਣ ਜਾਣ ਵਾਲੇ ਲੋਕਾਂ ਲਈ ਸਿਰਦਰਦੀ ਬਣਿਆ ਹੋਇਆ ਹੈ ਇਸ ਤੋਂ ਕੁਝ ਦਿਨ ਪਹਿਲਾਂ ਅਜਿਹਾ ਹਾਲ ਸੀ ਇਸ ਸਰਕੂਲਰ ਰੋਡ ਦਾ ਕਿ ਲੋਕਾਂ ਨੂੰ ਗੰਦੇ ਪਾਣੀ ਦੇ ਵਿੱਚੋਂ ਟੱਪ ਕੇ ਜਾਣਾ ਪੈਂਦਾ ਸੀ ਸੀਵਰੇਜ ਬਲੋਕ ਹੋਣ ਕਾਰਨ ਸਾਰਾ ਪਾਣੀ ਬੈਂਕਾਂ ਦੇ ਬਾਹਰ ਸੜਕ ਦੇ ਉੱਪਰ ਭਰ ਗਿਆ ਜਿਸ ਨੂੰ ਲੈ ਕੇ ਪ੍ਰਸ਼ਾਸਨ ਵੱਲੋਂ ਨਗਰ ਕੌਂਸਲ ਵੱਲੋਂ ਟੈਂਕੀਆਂ ਰਾਹੀਂ ਗੰਦਾ ਪਾਣੀ ਭਰ ਕੇ ਬਾਹਰ ਛੱਡ ਕੇ ਆਇਆ ਜਾਂਦਾ ਸੀ ਅਤੇ ਹੁਣ ਫਿਰ ਅਜਿਹੇ ਹਾਲਾਤ ਬਣਦੇ ਜਾ ਰਹੇ ਹਨ ਇੱਕ ਪਾਸੇ ਤਾਂ ਆਮ ਆਦਮੀ ਪਾਰਟੀ ਦੇ ਕੁਝ ਦਿਨ ਪਹਿਲਾਂ ਕੈਬਿਨੇਟ ਦੇ ਮੰਤਰੀ ਸਾਹਿਬ ਆਏ ਜਿਨਾਂ ਵੱਲੋਂ ਗਿੱਦੜਬਾਹਾ ਦੇ ਸ਼ਹਿਰ ਦੇ ਲੋਕਾਂ ਨੂੰ ਭਰੋਸਾ ਦਵਾਇਆ ਗਿਆ ਕਿ ਜਲਦੀ ਹੀ ਸੀਵਰੇਜ ਸਿਸਟਮ ਦਾ ਮਸਲਾ ਹੱਲ ਕੀਤਾ ਜਾਵੇਗਾ ਪਰ ਲੱਗਦਾ ਨਹੀਂ ਵੀ ਇਸ ਸ਼ਹਿਰ ਦਾ ਕੋਈ ਮਸਲਾ ਹੱਲ ਹੋਵੇਗਾ ਕਿਉਂਕਿ ਹੁਣ ਜ਼ਿਮਨੀ ਚੋਣਾਂ ਦਾ ਸਮਾਂ ਨਜ਼ਦੀਕ ਆ ਰਿਹਾ ਹੈ ਕਿਸੇ ਸਮੇਂ ਵੀ ਜਿਮਨੀ ਚੋਣਾਂ ਦਾ ਐਲਾਨ ਹੋ ਸਕਦਾ ਹੈ ਜਿਸ ਨੂੰ ਲੈ ਕੇ ਆਮ ਆਦਮੀ ਪਾਰਟੀ ਵੱਲੋਂ ਸ਼ਹਿਰ ਦੇ ਅੰਦਰ ਪਿੰਡਾਂ ਦੇ ਵਿੱਚ ਵਿਕਾਸ ਕੰਮਾਂ ਦੇ ਨੀਹ ਪੱਥਰ ਰੱਖੇ ਜਾ ਰਹੇ ਹਨ ਪਰ ਲੱਗ ਨਹੀਂ ਰਿਹਾ ਕੀ ਇਹ ਵਿਕਾਸ ਕਾਰਜਾ ਦੇ ਰੱਖੇ ਪਿੰਡਾਂ ਦੇ ਵਿੱਚ ਨੀਹ ਪੱਥਰ ਕੀਤੇ ਸਿਰਫ ਨੀਹ ਪੱਥਰ ਰੱਖੇ ਹੀ ਨਾ ਰਹਿ ਜਾਣ ਕਿਉਂਕਿ ਇਸ ਤੋਂ ਪਹਿਲਾਂ ਇਸ ਹਲਕੇ ਦੇ ਸਾਬਕਾ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਵੀ ਇਸ ਹਲਕੇ ਦੇ ਲੋਕਾਂ ਨੂੰ ਮਿੱਠੀਆਂ ਗੋਲੀਆਂ ਬਹੁਤ ਦਿੱਤੀਆਂ ਗਈਆਂ ਸਨ ਜੋ ਅਜੇ ਤੱਕ ਲੋਕ ਖਾਈ ਜਾਂਦੇ ਹਨ ਕਾਂਗਰਸ ਪਾਰਟੀ ਦੀ ਸਰਕਾਰ ਹੋਣ ਸਮੇਂ ਵੀ ਗਿੱਦੜਬਾਹਾ ਹਲਕੇ ਦੇ ਪਿੰਡਾਂ ਦੇ ਅਤੇ ਮੁਹੱਲਾ ਬੈਟਾਬਾਦ ਬਾਅਦ ਦਾ ਕੋਈ ਮਸਲਾ ਹੱਲ ਨਹੀਂ ਹੋਇਆ ਪਿੰਡ ਗਿੱਦੜਬਾਹਾ ਦੇ ਵਿੱਚ ਵੀ ਸੀਵਰੇਜ ਸਿਸਟਮ ਦੇ ਬੂਰਾ ਹਾਲ ਹੈ ਉਸ ਦਾ ਵੀ ਕੋਈ ਸਾਈ ਖਸਮ ਨਹੀਂ ਬਣਿਆ ਕੁਝ ਦਿਨ ਪਹਿਲਾਂ ਆਮ ਆਦਮੀ ਪਾਰਟੀ ਦੇ ਕੁਝ ਆਗੂਆਂ ਵੱਲੋਂ ਪਿੰਡ ਦੇ ਵਿੱਚ ਸੀਵਰੇਜ਼ ਸਿਸਟਮ ਬਲੋਕ ਹੋਣ ਕਾਰਨ ਉਸ ਦੀ ਸਫਾਈ ਲਈ ਮਸ਼ੀਨ ਲਗਵਾ ਕੇ ਆਪਣੀਆਂ ਫੋਟੋਆਂ ਖਿਚਵਾ ਕੇ ਫੇਸਬੁੱਕ ਤੇ ਪਾ ਦਿੱਤੀਆਂ ਅਤੇ ਲੋਕਾਂ ਨੂੰ ਮੂਰਖ ਬਣਾਉਂਦੇ ਨੇ ਵੀ ਅਸੀਂ ਗਿੱਦੜਬਾਹਾ ਪਿੰਡ ਦੇ ਸੀਵਰੇਜ ਸਿਸਟਮ ਦੀ ਸਫਾਈ ਕਰਾ ਰਹੇ ਮੈਂ ਉਨ੍ਹਾਂ ਸਿਆਸੀ ਆਗੂਆਂ ਨੂੰ ਕਹਿਣਾ ਚਾਹੁੰਦਾ ਵੀ ਹੁਣ ਲੋਕ ਬਹੁਤ ਸਿਆਣੇ ਹੋ ਗਏ ਅਜਿਹੀਆਂ ਗੱਲਾਂ ਦੇ ਨਾਲ ਵਿਰਨ ਵਾਲੇ ਨਹੀਂ ਕਿਉਂਕਿ ਲੋਕ ਹੁਣ ਸਾਰੀਆਂ ਸਰਕਾਰਾਂ ਅਤੇ ਸਾਰੇ ਸਿਆਸੀ ਆਗੂਆਂ ਦੀਆਂ ਗੱਲਾਂ ਸੁਣ ਕੇ ਉਨ੍ਹਾਂ ਲੋਕਾਂ ਦੇ ਕੰਨ ਪੱਕ ਚੁੱਕੇ ਹੁਣ ਤਾਂ ਲੋਕ ਇਸ ਵਾਰ ਕਿਸੇ ਸਿਆਸੀ ਪਾਰਟੀ ਦੇ ਹੱਕ ਦੇ ਵਿੱਚ ਵੋਟ ਨਹੀਂ ਪਾਉਣਗੇ ਚਾਹੇ ਜਿੰਨੇ ਮਰਜੀ ਨੀਂਹ ਪੱਥਰ ਰੱਖ ਲਓ ਵਿਕਾਸ ਦੇ ਕੰਮਾਂ ਦੇ ਜਿੰਨੇ ਮਰਜ਼ੀ ਸੀਵਰੇਜ ਸਿਸਟਮ ਦੀ ਸਫਾਈ ਕਰਾ ਲਓ ਉੱਤੇ ਮਸ਼ੀਨਾਂ ਖੜੀਆਂ ਕਰਕੇ ਆਪਣੀਆਂ ਫੋਟੋਆਂ ਖਿਚਵਾ ਲਓ ਪਰ ਲੋਕ ਹੁਣ ਗੱਲਾਂ ਦੇ ਵਿੱਚ ਨਹੀਂ ਆਉਣਗੇ ਗਿੱਦੜਬਾਹਾ




ਪਿੰਡ ਦੇ ਵਿੱਚ ਜਦੋਂ ਵੀ ਕੋਈ ਸਿਆਸੀ ਆਗੂ ਜ਼ਿਮਨੀ ਚੋਣਾਂ ਸਮੇਂ ਵੋਟਾਂ ਮੰਗਣ ਆਵੇਗਾ ਅਤੇ ਉਨ੍ਹਾਂ ਸਿਆਸੀ ਆਗੂਆਂ ਦਾ ਲੋਕਾਂ ਵੱਲੋਂ ਵਿਰੋਧ ਕੀਤਾ ਜਾਵੇਗਾ ਇਸ ਸਬੰਧੀ ਵਾਰਡ ਨੰਬਰ 10 ਦੇ ਨਿਵਾਸੀ ਜਸਕਰਨ ਸਿੰਘ, ਬਲਕਰਨ ਸਿੰਘ, ਰਾਜਾ ਸਿੰਘ, ਬਲਵੀਰ ਸਿੰਘ, ਮੇਜਰ ਸਿੰਘ ਨੇ ਦੱਸਿਆ ਕਿ ਸ਼ਹਿਰ ਅਤੇ ਪਿੰਡ ਗਿੱਦੜਬਾਹਾ ਦੇ ਸੀਵਰੇਜ ਸਿਸਟਮ ਦਾ ਇੰਨਾ ਬੁਰਾ ਹਾਲ ਹੈ ਕਿ ਭਿਆਨਕ ਬਿਮਾਰੀਆਂ ਫੈਲਣ ਦਾ ਵੀ ਡਰ ਬਣਿਆ ਹੋਇਆ ਹੈ ਉਨ੍ਹਾਂ ਕਿਹਾ ਕਿ ਇਸ ਵਾਰ ਤਾਂ ਕੋਈ ਕਿਸੇ ਵੀ ਪਾਰਟੀ ਦਾ ਸਿਆਸੀ ਆਗੂ ਸਾਡੇ ਵਾਰਡ ਨੰਬਰ 10 ਵਿੱਚ ਵੋਟਾਂ ਮੰਗਣ ਆਇਆ ਤਾਂ ਅਸੀਂ ਉਸਦਾ ਡੱਟ ਕੇ ਵਿਰੋਧ ਕਰਾਂਗੇ ਤੇ ਵੋਟਾਂ ਵੀ ਨਹੀਂ ਪਾਉਣੀਆਂ ਬਾਈਕਾਟ ਕਰਾਂਗੇ ਅਸੀਂ ਚੋਣਾਂ ਦਾ ਕਿਉਂਕਿ ਹਰ ਵਾਰ ਮਿੱਠੀਆਂ ਗੋਲੀਆਂ ਦੇ ਜਾਂਦੇ ਨੇ ਇਸ ਲਈ ਸਾਡੇ ਵਾਰਡ ਨੰਬਰ 10 ਅਤੇ 11 ਦੇ ਲੋਕਾਂ ਵੱਲੋਂ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਦਾ ਵਿਰੋਧ ਕੀਤਾ ਜਾਵੇਗਾ।

ਰੋਜ਼ਾਨਾ ਲੋਕ ਬਾਣੀ
www.lokbani

# ਸਵੱਛ ਭਾਰਤ ਅਭਿਆਨ ਦੀ ਧੱਜੀਆਂ ਉੜਾ ਰਿਹਾ ਇਹ ਦ੍ਰਿਸ਼

ਜਲੰਧਰ,(ਲੋਕ ਬਾਣੀ)- ਜਲੰਧਰ ਰਣਵੀਰ ਕਲਾਸਿਕ ਪੈਲੇਸ ਸਾਮ੍ਹਣੇ ਮੇਨ ਨੈਸ਼ਨਲ ਹਾਈਵੇ ਰੋਡ ਉੱਤੇ ਕੂੜੇ ਕਚਰੇ ਦੇ ਲੱਗੇ ਹੋਏ ਢੇਰ ਸਵੱਛ ਭਾਰਤ ਅਭਿਆਨ ਦੀ ਮੁਹਿਮ ਦੀ ਕਾਰਵਾਈ



ਜਲੰਧਰ ਜਿਲ੍ਹੇ ਵਿਖੇ ਕਿੱਥੇ ਤੱਕ ਅਸਲ ਤੌਰ ਉਤੇ ਪੁੱਜੀ ਇਹ ਸਭ ਇਹ ਦ੍ਰਿਸ਼ ਦਰਸ਼ਾ ਰਿਹਾ ਹੈ।

ਹਮਸਫਰ ਯੂਥ ਕਲੱਬ ਮੁੱਖ ਅਧਿਕਾਰੀ ਰੋਹਿਤ ਭਟੋਆ ਨੇ ਦੱਸਿਆ ਕਿ ਨੈਸ਼ਨਲ ਹਾਈਵੇਅ ਦੇ ਰੋਡ ਉੱਤੇ ਇਸ ਤਰ੍ਹਾ ਦੀ ਤਸਵੀਰ ਨਗਰ ਨਿਗਮ ਜਲੰਧਰ ਹਾਈਵੈ ਤੇ ਜ਼ਿਲਾ ਜਲੰਧਰ ਪ੍ਰਸ਼ਾਸਨ ਦੀ ਜਿੰਮੇਵਾਰੀ ਤੇ ਹਕੀਕਤ ਨੂੰ ਬਿਆਨ ਕਰ ਰਹੀ ਹੈ ਇਕ ਪਾਸੇ ਸਵੱਛ ਭਾਰਤ ਅਭਿਆਨ ਦੀ ਮੁਹਿੰਮ ਪੂਰੇ ਭਾਰਤ ਦੇਸ਼ ਵਿੱਚ ਚਲਾਈ ਜਾ ਰਹੀ ਹੈ ਦੂਜੇ ਪਾਸੇ ਪ੍ਰਸ਼ਾਸਨ ਨਗਰ ਨਿਗਮ ਹਾਈਵੇ ਅਥਾਰਟੀ ਵੱਲੋਂ ਜਿਸ ਤਰੀਕੇ ਦੇ ਨਾਲ ਇਸ ਜਿੰਮੇਵਾਰੀ ਨੂੰ ਨਿਭਾਇਆ ਜਾ ਰਿਹਾ ਇਹ ਤਸਵੀਰ ਹਮਸਫਰ ਯੂਥ ਕਲੱਬ ਵੱਲੋਂ ਆਪ ਜੀ ਦੇ ਸਮੁੱਖ ਰੂਬਰੂ ਕੀਤੀ ਜਾ ਰਹੀ ਜਿਸ ਤੋਂ ਸਾਫ ਜਾਹਿਰ ਹੁੰਦਾ ਹੈ ਕਿ ਸੰਬੰਧਿਤ ਵਿਭਾਗ ਦੇ ਸੰਪੂਰਨ ਅਧਿਕਾਰੀ ਕਿੰਨੀ ਤਰੀਕੇ ਦੇ ਨਾਲ ਜਿੰਮੇਵਾਰੀ ਨੂੰ ਨਿਭਾ ਰਹੇ ਹਨ।

ਹਮਸਫਰ ਯੂਥ ਕਲੱਬ ਡਾਇਰੈਕਟਰ ਪੂਨਮ ਭਟੋਆ ਨੇ ਦੱਸਿਆ ਕਿ ਬਰਸਾਤਾਂ ਦੇ ਮੌਸਮ ਵਿੱਚ ਅਜਿਹੇ ਥਾਵਾਂ ਉੱਤੇ ਜਿੱਥੇ ਕੂੜੇ ਕਚਰੇ ਦੇ ਢੇਰ ਲੱਗੇ ਹੋਏ ਹੁੰਦੇ ਹਨ ਸਭ ਤੋਂ ਵੱਧ ਬਿਮਾਰੀ ਡੇਂਗੂ ਬੈਕਟੀਰੀਆ ਦੇ ਪੈਦਾ ਹੋਣ ਦਾ ਖਤਰਾ ਅਜਿਹੇ ਥਾਵਾਂ ਉੱਤੇ ਹੀ ਹੁੰਦਾ ਹੈ ਜਿਸ ਦੀ ਸਾਫ ਸਫਾਈ ਹੋਣੀ ਬਹੁਤ ਲਾਜ਼ਮੀ ਹੈ ਤਾਂ ਕਿ ਸ਼ਹਿਰ ਵਾਸੀਆਂ ਨੂੰ ਇਸ ਗੰਦਗੀ ਦੇ ਕੋਲੋਂ ਪੈਦਾ ਹੋਣ ਵਾਲੇ ਬਿਮਾਰੀਆਂ ਤੋਂ ਬਚਾਇਆ ਜਾ ਸਕੇ

ਪੌਧਾਰ ਪ੍ਰੇਪ ਇੰਟਰਨੈਸ਼ਨਲ ਸਕੂਲ ਨਰਸਰੀ ਦੀ ਵਿਦਿਆਰਥਣ ਸੋਹੁੰਗਨੀ ਨੇ ਦੱਸਿਆ ਕਿ ਜਦੋਂ ਵੀ ਮੈਂ ਆਪਣੇ ਮਮਾ ਪਾਪਾ ਦੇ ਨਾਲ ਸਕੂਲ ਜਾ ਰਹੀ ਹੁੰਦੀ ਤਾਂ ਮੈਨੂੰ ਇਸ ਰਾਸਤੇ ਉੱਤੋਂ ਗੁਜਰਨਾ ਪੈਂਦਾ ਹੈ ਜਿਸ ਕਾਰਨ ਆਉਂਦੇ ਜਾਂਦੇ ਸਮੇਂ ਮੂੰਹ ਢੱਕ ਕੇ ਬੜੇ ਮੁਸ਼ਕਿਲ ਦੇ ਨਾਲ ਇਸ ਰਸਤੇ ਦੇ ਕੋਲੋਂ ਨਿਕਲਣਾ ਪੈਂਦਾ ਹੈ ਉਸ ਨੰਨੀ ਬੱਚੀ ਵੱਲੋਂ ਇਹ ਵੀ ਦੱਸਿਆ ਗਿਆ ਕਿ ਮੇਰੇ ਨਾਲ ਨਾਲ ਆਉਂਦੇ ਜਾਂਦੇ ਲੋਕਾਂ ਨੂੰ ਵੀ ਬਹੁਤ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦੀ ਸਾਫ ਸਫ਼ਾਈ ਜਲਦੀ ਤੋਂ ਜਲਦੀ ਕੀਤੀ ਜਾਣੀ ਚਾਹੀਦੀ ਹੈ

ਇਸ ਲਈ ਜਲੰਧਰ ਨਗਰ ਨਿਗਮ ਹਾਈਵੇਅ ਆਫ ਅਥਾਰਟੀ ਨੂੰ ਹਮਸਫਰ ਯੂਥ ਕਲੱਬ ਸਮੂਹ ਅਧਿਕਾਰੀਆਂ ਵੱਲੋਂ ਅਪੀਲ ਕੀਤੀ ਗਈ ਹੈ ਕਿ ਇਸ ਦੇ ਸਾਫ ਸਫਾਈ ਜਿੰਨੀ ਜਲਦੀ ਹੋ ਸਕੇ ਕੀਤੀ ਜਾ ਸਕੇ ਤਾਂ ਕਿ ਬਰਸਾਤਾਂ ਦੇ ਮੌਸਮ ਦੇ ਵਿੱਚ ਇਸਦੀ ਦਸ਼ਾ ਹੋਰ ਨਾ ਵਿਗੜੇ ਤੇ ਬਿਮਾਰੀਆਂ ਨੂੰ ਪੈਦਾਵਾਰ ਤੋਂ ਰੋਕਿਆ ਜਾ ਸਕੇ । ਇਸ ਮੌਕੇ ਹਮਸਫਰ ਯੂਥ ਕਲੱਬ ਮੁੱਖ ਅਧਿਕਾਰੀ ਰੋਹਿਤ ਭਟੋਆ ਡਾਇਰੈਕਟਰ ਪੂਨਮ ਭਟੋਆ ਪੌਦਾਰ ਪ੍ਰੇਪ ਇੰਟਰਨੇਸ਼ਨਲ ਸਕੂਲ਼ ਵਿੱਦਿਆਰਥੀ ਸੋਹੰਗਨੀ ਮੌਜੂਦ ਸਨ

ਰੋਜ਼ਾਨਾ ਲੋਕ ਬਾਣੀ
www.lokbani

# ਭਗਵੰਤ ਮਾਨ ਸਰਕਾਰ ਸੂਬੇ ਦੇ ਲੋਕਾਂ ਨੂੰ ਦੋਵੇਂ ਹੱਥੀ ਲੁੱਟਣ ਚ ਲੱਗੀ:

## ਸੂਬਾ ਸਰਕਾਰ ਨੇ ਡੀਜ਼ਲ ਪੈਟਰੋਲ ਬਿਜਲੀ ਦਰਾਂ ਵਿੱਚ ਵਾਧਾ ਕਰਕੇ ਲੋਕਾਂ ਦਾ ਗਲਾ ਘੁੱਟਿਆ

ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਸੂਬੇ ਅੰਦਰ ਬਦਲਾਅ ਦੇ ਨਾਮ ਹੇਠਾਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਸੁੱਖ ਸਹੂਲਤਾਂ ਦੇਣ ਦੀ ਬਜਾਏ ਦੋਵੇਂ ਹੱਥੀ ਲੁੱਟਣ ਤੇ ਲੱਗੀ ਹੋਈ ਹੈ। ਜਿਸ ਦੀ ਤਾਜ਼ਾ ਮਿਸਾਲ ਹਾਲੀ ਦੌਰਾਨ ਸਰਕਾਰ ਵੱਲੋਂ ਡੀਜ਼ਲ ਪੈਟਰੋਲ ਅਤੇ ਬਿਜਲੀ ਦਰਾਂ ਵਿੱਚ ਕੀਤੇ ਵਾਦੇ ਤੋਂ ਮਿਲਦੀ ਹੈ। ਇਹ ਵਿਚਾਰ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਬਲਾਕ ਪ੍ਰਧਾਨ ਸਾਬਕਾ ਸਰਪੰਚ ਜਸਮੇਲ ਸਿੰਘ ਬੜੀ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਹਨਾਂ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਨਾਲ ਦਿਲਕਸ ਵਾਅਦੇ ਦੇ ਕਰਕੇ ਸੱਤਾ ਵਿੱਚ ਆਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਬਦਲਾਖੋਰੀ ਦੀ ਰਾਜਨੀਤੀ ਤੋਂ ਸਿਵਾਏ ਪੰਜਾਬ ਦਾ ਭਲਾ ਨਹੀਂ ਕੀਤਾ। ਜਦਕਿ ਦਿੱਲੀ ਦੀ ਤਰਜ ਤੇ ਵੱਡੀਆਂ ਵੱਡੀਆਂ ਟਾਹਰਾਂ ਮਾਰਨ ਵਾਲੀ ਸਰਕਾਰ ਨਾ ਤਾਂ ਸੂਬੇ ਅੰਦਰ ਸਿਹਤ ਸਿੱਖਿਆ ਅੰਦਰ ਬਦਲਾ ਲਿਆ ਸਕੀ ਹੈ ਅਤੇ ਨਾ ਹੀ ਸਿਹਤ ਸਹੂਲਤਾਂ ਵਿੱਚ ਕੋਈ ਤਬਦੀਲੀ ਨਜ਼ਰ ਆ ਰਹੀ ਹੈ। ਸਗੋਂ ਮਹੱਲਾ ਕਲੀਨਿਕਾਂ ਦੇ ਨਾਂ ਤੇ ਹਸਪਤਾਲਾਂ ਨੂੰ ਜ਼ੂਰ ਲਾਵਾਰਸ ਕਰ ਦਿੱਤਾ ਹੈ। ਸੂਬੇ ਅੰਦਰ ਨਸ਼ਿਆਂ ਦਾ ਕਾਰੋਬਾਰ ਵਧਿਆ ਹੈ ਅਤੇ ਲੁੱਟਾਂ ਖੋਹਾਂ ਸ਼ਰੇਆਮ ਕਤਲੇਆਮ ਨੇ ਲੋਕਾਂ ਅੰਦਰ ਡਰ ਦਾ ਮਾਹੌਲ ਜ਼ੂਰ ਪੈਦਾ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਖੁਦ ਹਲਕੇ ਦੀਆਂ ਸੜਕਾਂ ਦਾ ਇੰਨਾ ਮੰਦੜਾ ਹਾਲ ਹੈ ਕਿ ਰਾਹਗੀਰਾਂ ਨੂੰ ਰਾਸਤੇ ਤੱਕ ਬਦਲ ਕੇ ਆਪਣੀ ਮੰਜ਼ਿਲ ਤੇ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਸਰਕਾਰੀ ਦਫਤਰਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲ ਬਾਲਾ ਜਿਉਂ ਦਾ ਤਿਉਂ ਹੈ। ਬੜੀ ਨੇ ਅੱਗੇ ਆਖਿਆ ਹੈ ਕਿ ਡੀਜ਼ਲ ਪੈਟਰੋਲ ਅਤੇ ਬਿਜਲੀ ਦੀਆਂ ਦਰਾਂ ਵਿੱਚ ਵਾਧਾ ਕਰਕੇ ਸਰਕਾਰ ਨੇ ਆਮ ਆਦਮੀ ਦਾ ਕਚੂੰਬਰ ਜ਼ੂਰ ਕੱਢਿਆ। ਜਿਸ ਕਰਕੇ ਬੱਸ ਦੇ ਕਿਰਾਇਆ ਵਿੱਚ ਵਾਧਾ ਹੋਣ ਕਰਕੇ ਲੋਕ ਤਰਾਹ ਤਰਾਹ ਕਰ ਰਹੇ ਹਨ। ਉਹਨਾਂ ਇਹ ਵੀ ਆਖਿਆ ਹੈ ਕਿ ਪਿੰਡਾਂ ਅੰਦਰ ਸਰਕਾਰ ਕੋਈ ਵੀ ਵਿਕਾਸ ਕਾਰਜ ਨਹੀਂ ਕਰ ਸਕੀ ਸਗੋਂ ਕਾਂਗਰਸ ਸਰਕਾਰ ਸਮੇਂ ਸਰਕਾਰੀ ਖਜ਼ਾਨਿਆਂ ਵਿੱਚ ਪਏ ਪੈਸੇ ਦੀ ਵਰਤੋਂ ਕਰਕੇ ਹੀ ਡਗ ਟਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਹੈ ਕਿ ਕਾਂਗਰਸ ਇੱਕ ਨਿਰਪੱਖ ਪਾਰਟੀ ਹੈ ਜੋ ਹਰ ਵਰਗ ਨੂੰ ਨਾਲ ਲੈ ਕੇ ਚੱਲੀ ਹੈ ਅਤੇ ਅੱਜ ਵੀ ਲੋਕ ਕਾਂਗਰਸ ਪਾਰਟੀ ਦੇ ਰਾਜ ਨੂੰ ਮੁੜ ਪੰਜਾਬ ਅੰਦਰ ਲਿਆਉਣ ਲਈ ਉਤਾਵਲੇ ਹਨ।



ਰੋਜ਼ਾਨਾ ਲੋਕ ਬਾਣੀ
www.lokbani

# ਸਿਹਤ ਕਰਮਚਾਰੀਆਂ ਤੇ ਹੋ ਰਹੀ ਹਿੰਸਾ ਨੂੰ ਰੋਕਣ ਲਈ ਜਿਲ੍ਹਾ ਪੱਧਰੀ ਕਮੇਟੀ ਦਾ ਕੀਤਾ ਗਠਨ

ਅੰਮ੍ਰਿਤਸਰ,(ਲੋਕ ਬਾਣੀ)- ਮਾਣਯੋਗ ਵਧੀਕ ਡਿਪਟੀ ਕਮਿਸ਼ਨਰ ਜੋਤੀ ਬਾਲਾ ਮੱਟੂ ਦੀ ਪ੍ਰਧਾਨਗੀ ਹੇਠ ਪਹਿਲੀ ਮੀਟਿੰਗ ਜਿ਼ਲਾ ਪ੍ਰਬੰਧਕੀ ਕੰਪਲੈਕਸ, ਦਫਤਰ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਦੇ ਦਫਤਰ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਸਿਹਤ ਮੰਤਰੀ, ਪੰਜਾਬ ਵੱਲੋ ਕੀਤੀ ਗਈ ਵੀਡਿਓ ਕਾਨਫਰੰਸ ਦੇ ਸਾਰੇ ਏਜੰਡੇ ਨੂੰ ਲਾਗੂ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੀਟਿੰਗ ਦੋਰਾਨ ਸਿਵਲ ਸਰਜਨ ਅੰਮ੍ਰਿਤਸਰ ਡਾ.ਕਿਰਨਦੀਪ ਕੌਰ, ਸਹਾਇਕ ਸਿਵਲ ਸਰਜਨ ਡਾ. ਰਜਿੰਦਰ ਪਾਲ ਕੌਰ,ਡਾਇਰੈਕਟਰ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਡਾ. ਕੁਲਤਾਰ ਸਿੰਘ,ਸਹਾਇਕ ਜਿ਼ਲਾ ਅਟਾਰਨੀ ਦੇ ਨੁਮਾਇੰਦੇ, ਕਮਿਸ਼ਨਰ ਪੁਲਿਸ ਅੰਮ੍ਰਿਤਸਰ ਸ਼ਹਿਰੀ ਦੇ ਨੁਮਾਇੰਦੇ, ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ(ਦਿਹਾਤੀ) ਦੇ ਨੁਮਾਇੰਦੇ,ਸੀਨੀਅਰ ਮੈਡੀਕਲ ਅਫਸਰ, ਇੰਚ ਸਿਵਲ ਹਸਪਤਾਲ ਅੰਮ੍ਰਿਤਸਰ ਡਾ. ਸਵਰਨਜੀਤ ਧਵਨ,ਪ੍ਰਧਾਨ ਜ਼ਿਲ੍ਹਾ ਆਈ.ਐਮ.ਏ ਅਮ੍ਰਿਸਰ ਡਾ.ਅਤੁੱਲ ਕਪੂਰ, ਪੀ.ਸੀ.ਐਮ.ਐਸ ਦੇ ਜ਼ਿਲ੍ਹਾ ਪ੍ਰਧਾਨ ਡਾ. ਸੁਮੀਤਪਾਲ ਸਿੰਘ, ਸੰਜੀਵ ਕੁਮਾਰ, ਸੀਨੀਅਰ ਫਾਰਮੇਸੀ ਅਫਸਰ ਪੈਰਾ ਮੈਡੀਕਲ ਸਟਾਫ,ਗੁਰਦੇਵ ਸਿੰਘ,ਐਮ.ਪੀ.ਐਚ.ਸੀ ਨੁਮਾਇੰਦਾ ਪੈਰਾ ਮੈਡੀਕਲ ਸਟਾਫ ਅੰਮ੍ਰਿਤਸਰ ਹਾਜਰ ਹੋਏ ਇਸ ਮੀਟਿੰਗ ਦੋਰਾਨ ਮਾਨਯੋਗ ਏ.ਡੀ. ਸੀ ਵੱਲੋ ਸੁਝਾਵ ਦਿੱਤਾ ਗਿਆ ਕਿ ਇਸ ਕਮੇਟੀ ਵਿੱਚ ਹੈਲਥ ਕੇਅਰ ਪ੍ਰੋਫੈਸ਼ਨਲ ਸਟਾਫ ਵਿੱਚੋ ਇੱਕ ਨੁਮਾਇੰਦਾ ਜ਼ੂਰ ਲਿਆ ਜਾਵੇ,ਜਿਵੇਂ ਕਿ ਸਟਾਫ ਨਰਸ ਸਕਿਉਰਟੀ ਦੇ ਪੁਖਤਾ ਪ੍ਰਬੰਧਾ ਲਈ ਪੈਸਕੋ ਸਟਾਫ ਦੀ ਡਿਮਾਂਡ ਸਿਵਲ ਸਰਜਨ, ਅੰਮ੍ਰਿਤਸਰ ਰਾਹੀਂ ਭੇਜੀ ਜਾਵੇ। ਹਰੇਕ ਸਿਹਤ ਸੰਸਥਾਂ ਵਿੱਚ ਇੱਕ ਹੈਲਪ ਡੈਸਕ ਬਣਾਇਆ ਜਾਵੇ ਜੋ ਕਿ ਸਿਹਤ ਪ੍ਰੋਫੈਸ਼ਨਲ ਖਾਸ ਤੌਰ ਤੇ ਮਹਿਲਾ ਸਟਾਫ ਨਾਲ ਕਿਸੇ ਵੀ ਪ੍ਰਕਾਰ ਦੇ ਲਈ ਤੁਰੰਤ ਕਾਰਵਾਈ ਕਰੇ।ਸਾਰੇ ਸਰਕਾਰੀ ਅਤੇ ਪ੍ਰਾਈਵੇਟ ਨਰਸਿੰਗ ਕਾਲਜਾਂ ਵਿੱਚ ਸੀ.ਸੀ.ਟੀ.ਵੀ ਸਰਵੀਲੈਂਸ ਹੋਣੀ ਯਕੀਨੀ ਬਣਾਈ ਜਾਵੇ ਹਰੇਕ ਸਿਹਤ ਸੰਸਥਾਂ ਵਿੱਚ ਸਕਿਉਰਟੀ ਪ੍ਰਤੀ ਇੱਕ ਚੈਕ ਲਿਸਟ/ਪ੍ਰਸ਼ਨਾਂਵਲੀ ਭਰਵਾਈ ਜਾਵੇ ਤਾਂ ਜੋ ਉਸ ਸੰਸਥਾਂ



ਦੇ ਸਕਿਉਰਟੀ ਪ੍ਰਤੀ ਹਾਲਾਤਾਂ ਦਾ ਪਤਾ ਲੱਗ ਸਕੇ ਸਮੇਂ-ਸਮੇ ਤੇ ਉਚ-ਅਧਿਕਾਰੀਆਂ ਵੱਲੋ ਸਿਹਤ ਸੰਸਥਾਵਾਂ ਦੀ ਚੈਕਿੰਗ ਕੀਤੀ ਜਾਵੇ।ਹਰੇਕ ਸਿਹਤ ਸੰਸਥਾਂ ਵਿੱਚ ਈਵ ਟੀਜਿੰਗ ਨੂੰ ਰੋਕਣ ਲਈ ਮਹਿਲਾ ਹਰਾਸਮੈਂਟ ਕਮੇਟੀ ਗਠਿਤ ਕੀਤੀ ਜਾਵੇ ਇਸ ਮੋਕੇ ਸਿਵਲ ਸਰਜਨ ਡਾ. ਕਿਰਨਦੀਪ ਕੌਰ ਨੇ ਕਿਹਾ ਕਿ ਕਿਸੇ ਵੀ ਸ਼ੱਕੀ ਵਿਅਕਤੀ ਦੀ ਸਿਹਤ ਸੰਸਥਾਂ ਅਧੀਨ ਮੋਜੂਦਗੀ ਮਹਿਸੂਸ ਹੋਣ ਤੇ ਤੁਰੰਤ ਉਸ ਸਬੰਧੀ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਅਤੇ ਲੋੜ ਪੈਣ ਤੇ ਤੁਰੰਤ ਪੁਲਿਸ ਵਿਭਾਗ ਨੂੰ ਹੈਲਪ ਲਾਈਨ ਨੰਬਰ.112 ਤੇ ਸੂਚਿਤ ਕੀਤਾ ਜਾਵੇ। ਇਸ ਹੈਲਪ ਲਾਈਨ ਨੰਬਰ ਨੂੰ ਹਰ ਸਿਹਤ ਸੰਸਥਾਂਵਾਂ ਵਿੱਚ ਲਗਾਇਆ ਜਾਵੇ ਅਤੇ ਸਟਾਫ ਨੂੰ ਇਸ ਹੈਲਪ ਲਾਈਨ ਨੰਬਰ ਤੋ ਜਾਣੂ ਕਰਵਾਇਆ ਜਾਵੇ। ਇਸ ਦੇ ਨਾਲ ਹੀ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਗਈ ਕਿ ਅਜਿਹੀ ਸੂਚਨਾ ਮਿਲਣ ਤੇ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਆਈ.ਐਮ. ਏ ਦੇ ਨੁਮਾਇੰਦੇ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਨੁਮਾਇੰਦੀਆਂ ਵੱਲੋ ਇਹ ਸੁਝਾਅ ਦਿੱਤਾ ਗਿਆ ਕਿ ਸਿਹਤ ਸੰਸਥਾਂਵਾਂ ਵਿੱਚ ਬਹੁਤ ਵੱਧ ਰਹੀ ਹੈ ਅਤੇ ਆਮ ਹੀ ਮਰੀਜਾਂ ਵੱਲੋ ਹਸਪਤਾਲਾਂ ਦੀ ਤੋੜ-ਫੋੜ ਜਾਂ ਨੁਕਸਾਨ ਪਹੁੰਚਾਉਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਇਸ ਲਈ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਜਾਵੇ ਕਿ ਅਜਿਹੀ ਕੋਈ ਵੀ ਸੂਚਨਾ ਮਿਲਣ ਤੇ ਤੁਰੰਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਰੋਜ਼ਾਨਾ ਲੋਕ ਬਾਣੀ
www.lokbani

# ਫਾਰਮਾਸਿਊਟੀਕਲ ਦਵਾਈਆਂ ਪ੍ਰੀਗਾਬਾਲੀਨ,ਟਾਮਾਡੋਲ,ਟੈਪੈਂਟਾਡੋਲ ਦੀ ਵਰਤੋਂ,ਵੰਡ ਲਈ ਸਖਤ ਕਦਮ ਚੁੱਕੇ ਜਾਣ- ਡਿਪਟੀ ਕਮਿਸ਼ਨਰ

ਅੰਮ੍ਰਿਤਸਰ (ਲੋਕ ਬਾਣੀ)- ਡਿਪਟੀ ਕਮਿਸ਼ਨਰ ਅੰਮ੍ਰਿਤਸਰ ਘਨਸ਼ਾਮ ਥੋਰੀ ਨੇ ਦਰਦ ਅਤੇ ਦੌਰੇ ਦੇ ਪ੍ਰਬੰਧਨ ਲਈ ਵਰਤੀ ਜਾਂਦੀ ਦਵਾਈ ਪ੍ਰੀਗਾਬਾਲਿਨ ਦੀ ਨਸ਼ਾਖੋਰੀ ਦੇ ਨਵੇਂ ਰੂਪ ਵਿੱਚ ਹੋ ਰਹੀ ਵਰਤੋ ਨੂੰ ਰੋਕਣ ਲਈ ਪੰਜਾਬ ਸਰਕਾਰ ਦੇ ਸਿਹਤ ਸਕੱਤਰ ਨੂੰ ਪੱਤਰ ਲਿਖਿਆ ਹੈ। ਉਹਨਾਂ ਕਿਹਾ ਕਿ ਇਸਦੀ ਆਸਾਨ ਉਪਲਬਧਤਾ ਚਿੰਤਾਵਾਂ ਦਾ ਕਾਰਨ ਬਣੀ ਰਹੀ ਹੈ। ਡਾਕਟਰਾਂ ਦੇ ਹਵਾਲੇ ਨਾਲ ਉਨਾਂ ਦੱਸਿਆ ਕਿ ਪ੍ਰੀਗਾਬਾਲਿਨ ਅਤੇ ਹੈਰੋਇਨ ਦੀ ਲਤ ਤੁਲਨਾਤਮਕ ਤੌਰ ਉੱਤੇ ਇੱਕੋ ਜਿਹਾ ਅਸਰ ਕਰਦੇ ਹਨ। ਮਨੁੱਖੀ ਸਰੀਰ ਇਸ ਉੱਤੇ ਹੌਲੀ ਹੌਲੀ ਨਿਰਭਰ ਹੋਣ ਲੱਗਦਾ ਹੈ, ਸਿੱਟੇ ਵਜੋਂ ਕੁਝ ਵਿਅਕਤੀ ਪ੍ਰੀਗਾਬਾਲਿਨ ਨੂੰ ਇਸਦੀ ਵਿਆਪਕ ਪਹੁੰਚ ਕਾਰਨ ਹੈਰੋਇਨ ਦੇ ਬਦਲ ਵਜੋਂ ਦੇਖਦੇ ਹਨ।

ਉਨਾਂ ਲਿਖਿਆ ਕਿ ਜ਼ਿਲ੍ਹੇ ਵਿੱਚ ਨਸ਼ੇ ਨੂੰ ਰੋਕਣ ਲਈ ਕੀਤੀਆਂ ਜਾਂਦੀਆਂ ਮੀਟਿੰਗਾਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਪ੍ਰੀਗਾਬਾਲਿਨ ਦਵਾਈ ਲਈ ਆਮ ਸਿਫਾਰਸ਼ ਕੀਤੀ ਖੁਰਾਕ 75 ਮਿਲੀਗ੍ਰਾਮ ਤੋਂ 200 ਮਿਲੀਗ੍ਰਾਮ ਪ੍ਰਤੀ ਦਿਨ ਹੁੰਦੀ ਹੈ,ਜਦਕਿ, ਨਸ਼ੇੜੀ ਰੋਜ਼ਾਨਾ 10 ਗੋਲੀਆਂ ਖਾ



ਰਹੇ ਹਨ, ਹਰ ਇੱਕ ਵਿੱਚ 300 ਮਿਲੀਗ੍ਰਾਮ ਹੈ। ਇਹ ਗੋਲੀਆਂ ਕੰਪਨੀਆਂ ਵੱਲੋਂ ਭਾਰੀ ਕੀਮਤ ਤੇ ਗੈਰ-ਕਾਨੂੰਨੀ ਢੰਗ ਨਾਲ ਵੇਚੀਆਂ ਜਾ ਰਹੀਆਂ ਹਨ। ਉਹਨਾਂ ਸਿਫਾਰਿਸ਼ ਕੀਤੀ ਕਿ ਸਿਹਤ ਵਿਭਾਗ ਲਈ ਇਹ ਲਾਜ਼ਮੀ ਹੈ ਕਿ ਪੰਜਾਬ ਵਿੱਚ ਪ੍ਰੀਗਾਬਾਲਿਨ ਦੀ ਵਰਤੋਂ ਅਤੇ ਗੈਰ-ਕਾਨੂੰਨੀ ਵੰਡ ਤੇ ਨਜ਼ਰ ਰੱਖਣ ਲਈ ਸਖ਼ਤ ਕਦਮ ਚੁੱਕੇ ਜਾਣ।

ਡਿਪਟੀ ਕਮਿਸ਼ਨਰ ਨੇ ਇਸ ਮੰਤਵ ਲਈ ਪ੍ਰੈਗਬਾਲਿਨ ਦੀ ਤਜਵੀਜ਼ ਕਰਨ ਲਈ ਸਖ਼ਤ ਦਿਸ਼ਾ-ਨਿਰਦੇਸ਼ਾਂ ਨੂੰ ਲਾਗੂ ਕਰਨ, ਪ੍ਰੀਗਾਬਾਲਿਨ ਨੂੰ ਨਿਯੰਤਰਿਤ ਪਦਾਰਥ ਵਜੋਂ ਨਿਯੰਤ੍ਰਿਤ ਕਰਨ, ਹੈਲਥਕੇਅਰ ਪ੍ਰੋਵਾਈਡਰ ਦੀ ਸ਼ਮੂਲੀਅਤ ਯਕੀਨੀ ਬਣਾਉਣ ਅਤੇ ਵਿਗਿਆਨਕ ਢੰਗ ਨਾਲ ਸੋਸ਼ਲ ਮੀਡੀਆ ਮੁਹਿੰਮ ਚਲਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ।

ਉਨਾਂ ਲਿਖਿਆ ਕਿ ਵਿਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਲਈ ਅੱਧੇ ਘੰਟੇ ਦੇ ਲਾਜ਼ਮੀ ਨਸ਼ਾ ਮੁਕਤੀ ਸਿਖਲਾਈ ਪ੍ਰੋਗਰਾਮ ਲਾਗੂ ਕਰਨੇ ਚਾਹੀਦੇ ਹਨ। ਉਹਨਾਂ ਇਹ ਵੀ ਸਲਾਹ ਦਿੱਤੀ ਕਿ ਫਾਰਮਾਸਿਊਟੀਕਲ ਦਵਾਈਆਂ ਪ੍ਰੀਗਾਬਾਲਿਨ, ਟ੍ਰਾਮਾਡੋਲ, ਅਤੇ ਟੈਪੈਂਟਾਡੋਲ ਦੀ ਉਪਲਬਧਤਾ ਅਤੇ ਵੰਡ ਦੀ ਨਿਗਰਾਨੀ ਕੀਤੀ ਜਾਵੇ ਤੇ ਇਹ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਲੰਬੇ ਸਮੇਂ ਦੇ ਮੁੜ-ਵਸੇਬੇ ਪ੍ਰੋਗਰਾਮ ਉਲੀਕੇ ਜਾਣ ਜੋ ਕਿ ਮਰੀਜ਼ਾਂ ਨੂੰ ਪੱਕੇ ਤੌਰ ਉੱਤੇ ਨਸ਼ੇ ਤੋਂ ਦੂਰ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਣ।

ਰੋਜ਼ਾਨਾ ਲੋਕ ਬਾਣੀ www.lokbani

## ਯਾਰ

ਸਾਡੇ ਬਾਤ ਵੀ ਪਾਉਣ ਦਾ ਕੀ ਫ਼ਾਇਦਾ,
ਜਦੋਂ ਯਾਰ ਹੁੰਗਾਰਾ ਭਰਦਾ ਨਹੀਂ।

ਪੌੜੀ ਇਸ਼ਕੇ ਦੀ ਲਾਉਣ ਦਾ ਕੀ ਫ਼ਾਇਦਾ,
ਡੰਡਾ ਇਕ ਵੀ ਯਾਰ ਚੜਦਾ ਨਹੀਂ।

ਸਾਡੇ ਸਿਰ ਝੁਕਾਉਣ ਦਾ ਕੀ ਫ਼ਾਇਦਾ,
ਸਾਨੂੰ ਤੱਕ ਕੇ ਯਾਰ ਖੜਦਾ ਨਹੀਂ।

ਗੱਲ ਦਿਲ ਤੇ ਲਾਉਣ ਦਾ ਕੀ ਫ਼ਾਇਦਾ,
ਇਤਬਾਰ ਸਾਡੇ ਤੇ ਯਾਰ ਕਰਦਾ ਨਹੀਂ।

ਸਾਨੂੰ ਰਾਤਾਂ ਨੂੰ ਜਾਗਣ ਦਾ ਕੀ ਫ਼ਾਇਦਾ,
ਰੰਗ ਪਿਆਰ ਦਾ ਯਾਰ ਨੂੰ ਚੜਦਾ ਨਹੀਂ।

ਸਾਨੂੰ ਸ਼ਮਾ ਜਗਾਉਣ ਦਾ ਕੀ ਫ਼ਾਇਦਾ,
ਵਾਂਗ ਪਰਵਾਨੇ ਯਾਰ ਸੜਦਾ ਨਹੀਂ।

ਪੱਟ ਦਾ ਮਾਸ ਖਵਾਉਣ ਦਾ ਕੀ ਫ਼ਾਇਦਾ,
ਯਾਰ ਵਿੱਚ ਝਨਾਂਅ ਤਰਦਾ ਨਹੀਂ।

ਐਸੇ ਯਾਰ ਬਨਾਉਣ ਦਾ ਨਿਮਾਣਿਆ ਕੀ ਫ਼ਾਇਦਾ,
ਦਿਲ ਯਾਰ ਖਾਤਰ ਤਲੀ ਧਰਦਾ ਨਹੀਂ।



ਲੇਖਕ
ਜਗਨ ਨਾਥ ਨਿਮਾਣਾ
ਉਦੋਕੇ, ਸੀ 7 ਚੰਦਰ
ਨਗਰ ਬਟਾਲਾ,

# 3 ਦਿਨ ਦੀ ਸਮੂਹਿਕ ਛੁੱਟੀ ਤੇ ਗਏ ਬਿਜਲੀ ਕਾਮਿਆਂ ਵੱਲੋਂ ਦੂਜੇ ਦਿਨ ਸਾਂਝੀ ਗੇਟ ਰੈਲੀ

## ਸੀ ਐਚ ਵੀ ਕੱਚੇ ਮੁਲਾਜਮਾਂ ਦੀ ਯੂਨੀਅਨ ਸਾਂਝੇ ਸੰਘਰਸ਼ ਚ ਕੁੱਦੀ



ਲੁਧਿਆਣਾ ( ਸੁਖਚੈਨ ਮਹਿਰਾ) ਅਪਣੀਆਂ 15 ਮੰਨੀਆਂ ਮੰਗਾਂ ਦਾ ਸਰਕੂਲਰ ਜਾਰੀ ਕਰਵਾਉਣ ਲਈ ਪੰਜਾਬ ਭਰ ਦੇ ਬਿਜਲੀ ਮੁਲਾਜਮਾਂ ਵੱਲੋਂ ਸਾਂਝਾ ਫੋਰਮ, ਏਕਤਾ ਮੰਚ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੇ ਸਾਂਝੇ ਝੰਡੇ ਥੱਲੇ ਸਮੂਹਿਕ ਛੁੱਟੀ ਭਰਕੇ ਤਿੱਖਾ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। 21 ਅਗਸਤ ਤੋਂ ਵਰਕ ਟੂ ਰੂਲ ਦੇ ਨਾਲ 10 ਤੋਂ 12 ਸਤੰਬਰ ਤੱਕ 3 ਦਿਨ ਦੀ ਸਮੂਹਿਕ ਛੁੱਟੀ ਭਰਕੇ ਸੰਘਰਸ਼ ਚ ਕੁੱਦੇ ਬਿਜਲੀ ਕਾਮਿਆਂ ਵੱਲੋਂ ਦੂਜੇ ਦਿਨ ਪੰਜਾਬ ਭਰ ਵਿੱਚ ਗੇਟ ਰੈਲੀਆਂ ਦਾ ਆਯੋਜਨ ਕੀਤਾ ਗਿਆ। ਲੁਧਿਆਣਾ ਦੀ ਆਤਮ ਨਗਰ ਡਵੀਜ਼ਨ ਵਿਖੇ ਵੀ ਸਾਰੀਆਂ ਜੱਥੇਬੰਦੀਆਂ ਵੱਲੋਂ ਸਾਂਝੀ ਗੇਟ ਰੈਲੀ ਕੀਤੀ ਗਈ। ਇਸ ਗੇਟ ਰੈਲੀ ਵਿੱਚ ਮੁੱਖ ਮੰਤਰੀ, ਬਿਜਲੀ ਮੰਤਰੀ ਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਮੁਰਦਾਵਾਦ ਦੇ ਨਾਲ ਗੂੰਜੇ ਜੂਝਦੇ ਜੁਝਾਰ ਲੋਕ ਵਿੱਟੇ ਮੂੰਹ ਗਦਾਰ ਲੋਕ ਦੇ ਨਾਅਰੇ ਗੂੰਜੇ। ਗੇਟ ਰੈਲੀ ਦੀ ਅਗਵਾਈ ਕਰ ਰਹੇ ਆਗੂਆਂ ਰਘਵੀਰ ਸਿੰਘ ਰਾਮਗੜ੍ਹ, ਬਲਵਿੰਦਰ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਮਹਿਦੂਦਾਂ, ਸਵਰਨ ਸਿੰਘ, ਗੁਰਦੀਪ ਸਿੰਘ ਬਾਬਾ ਨੇ ਕਿਹਾ ਕਿ ਜੇਕਰ ਬਿਜਲੀ ਮੰਤਰੀ ਵੱਲੋਂ ਕੱਲ ਦੀ ਦਿੱਤੀ ਮੀਟਿੰਗ ਵੀ ਬੇਸਿੱਟਾ ਰਹਿੰਦੀ ਹੈ ਤਾਂ ਸਮੂਹਿਕ ਛੁੱਟੀ ਨੂੰ ਅੱਗੇ ਵਧਾਉਂਦੇ ਹੋਏ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੇ ਮਨੋਰਥ ਨਾਲ ਪਟਿਆਲਾ ਵੱਲ ਕੂਚ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਸੀ ਐਚ ਵੀ ਕੱਚੇ ਮੁਲਾਜਮਾਂ ਦੀ ਯੂਨੀਅਨ ਦੇ ਪ੍ਰਧਾਨ ਬਲਿਹਾਰ ਸਿੰਘ ਵੱਲੋਂ ਕੱਲ ਹੀ ਸਮੱਰਥਨ ਦੇ ਦਿੱਤਾ ਗਿਆ ਸੀ ਜਿਸਨੂੰ ਅਮਲੀ ਜਾਮਾਂ ਪਹਿਨਾਉਂਦਿਆ ਅਵਤਾਰ ਸਿੰਘ ਦੀ ਅਗਵਾਈ ਹੇਠ ਸੀ ਐਚ ਵੀ ਕੱਚੇ ਮੁਲਾਜਮਾਂ ਨੇ ਗੇਟ ਰੈਲੀ ਵਿੱਚ ਭਾਗ ਲਿਆ। ਅਵਤਾਰ ਸਿੰਘ ਨੇ ਕਿਹਾ ਕਿ ਸੂਬਾ ਪ੍ਰਧਾਨ ਬਲਿਹਾਰ ਸਿੰਘ ਦੇ ਆਦੇਸ਼ਾਂ ਉੱਤੇ 3 ਦਿਨ ਅਸੀ ਚੱਲ ਰਹੇ ਸੰਘਰਸ਼ ਵਿੱਚ 2 ਘੰਟੇ ਭਾਗ ਲਵਾਂਗਾ ਅਤੇ ਐਚ ਟੀ ਲਾਈਨਾਂ ਨਾਲ ਸਬੰਧਤ ਕੋਈ ਕੰਮ ਨਹੀਂ ਕਰਾਂਗਾ। ਜੇਕਰ ਹੜਤਾਲ ਤੋਂ ਬਾਅਦ ਵੀ ਰਹਿੰਦੀ ਹੈ ਤਾਂ ਸਾਡੀ ਯੂਨੀਅਨ ਵੀ ਸਾਂਝੇ ਘੋਲ ਵਿੱਚ ਕੁੱਦ ਜਾਵੇਗੀ। ਸੀਨੀਅਰ ਆਗੂ ਰਜਿੰਦਰ ਸਿੰਘ, ਸੁਰਜੀਤ ਸਿੰਘ ਅਤੇ ਅਵਤਾਰ ਸਿੰਘ ਪੰਧੇਰ ਨੇ ਸਮੂਹਿਕ ਛੁੱਟੀਆਂ ਨਾ ਭਰਨ ਵਾਲੇ ਕੁਝ ਕੁ ਮੁਲਾਜਮਾ ਨੂੰ ਸਾਂਝੇ ਘੋਲ ਵਿੱਚ ਕੁੱਦਣ ਲਈ ਪ੍ਰੇਰਿਆ। ਇਸ ਮੌਕੇ ਰਘਵੀਰ ਸਿੰਘ, ਗਗਨਦੀਪ ਸਿੰਘ, ਦੀਪਕ ਕੁਮਾਰ, ਹਿਰਦੇ ਰਾਮ, ਕਰਤਾਰ ਸਿੰਘ, ਸੁਰੇਸ਼ ਕੁਮਾਰ, ਸੁਖਜਿੰਦਰ ਸਿੰਘ, ਨਿਮਰਤਾ, ਹਰਨੀਤ ਸਿੰਘ, ਅਕਾਸ਼ਦੀਪ, ਗੱਬਰ ਸਿੰਘ ਅਤੇ ਹੋਰ ਹਾਜਰ ਸਨ।

# ਲੇਬਰ ਚੌਂਕ ਖਰੜ ਵਿਖੇ ਮਜਦੂਰ ਭਲਾਈ ਸਕੀਮਾਂ ਸੰਬੰਧੀ ਕੈਂਪ ਲਗਾਇਆ



ਖਰੜ, ( ਕਾਲਾ ਸਿੰਘ ਸੈਣੀ ):-ਸਥਾਨਕ ਸ਼ਹਿਰ ਖਰੜ ਦੇ ਲੇਬਰ ਚੌਂਕ ਖਾਨਪੁਰ ਵਿਖੇ ਮਜਦੂਰ ਭਲਾਈ ਸਕੀਮਾਂ ਸਮਝਾਉਣ ਸਬੰਧੀ ਕੈਂਪ ਲਗਾਇਆ ਗਿਆ। ਇਸ ਅਸਿਸਟੈਂਟ ਲੇਬਰ ਕਮਿਸ਼ਨਰ ਬਲਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸਿਰਕਤ ਕੀਤੀ। ਇਸ ਮੌਕੇ ਲੇਬਰ ਕੋਆਰਡੀਨੇਟਰ ਤੇ ਬਲਾਕ ਪ੍ਰਭਾਰੀ ਰਘਵੀਰ ਸਿੰਘ ਬਡਾਲਾ ਵਲੋਂ ਚੱਲ ਰਹੀਆਂ ਮਜਦੂਰ ਭਲਾਈ ਸਕੀਮਾਂ ਸੰਬੰਧੀ ਮਜਦੂਰਾਂ ਨੂੰ ਜਾਣਕਾਰੀ ਦਿੱਤੀ ਗਈ। ਉਨਾਂ ਮਜਦੂਰ ਸਾਥੀਆਂ ਨੂੰ ਅਪੀਲ ਕੀਤੀ ਕਿ ਸਰਕਾਰ ਵਲੋਂ ਚਲਾਈ ਜਾ ਰਹੀਆਂ ਭਲਾਈ ਸਕੀਮਾਂ ਦਾ ਵੱਧ ਤੋਂ ਲਾਹਾ ਲੈਣਾ ਚਾਹੀਦਾ ਹੈ। ਕੈਂਪ ਦੌਰਾਨ ਮਜਦੂਰਾਂ ਦੇ ਵੱਡੀ ਗਿਣਤੀ ਵਿੱਚ ਮਜਦੂਰਾਂ ਦੇ ਲੇਬਰ ਕਾਰਡ ਬਣਾਉਣ ਲਈ ਫਾਰਮ ਵੀ ਭਰੇ ਗਏ। ਇਸ ਮੌਕੇ ਰਘਵੀਰ ਸਿੰਘ ਨੇ ਦੱਸਿਆ ਕਿ ਅੱਜ ਰਾਮ ਭਵਨ ਦੁਸਹਿਰਾ ਗਰਾਊਂਡ ਖਰੜ ਵਿਖੇ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਮਜਦੂਰ ਭਲਾਈ ਸਕੀਮ ਕੈਂਪ ਲਗਾਇਆ ਜਾਵੇਗਾ। ਇਸ ਮੌਕੇ ਲੇਬਰ ਚੌਂਕ ਖਰੜ ਦੇ ਪ੍ਰਧਾਨ ਧਰਮ ਸਿੰਘ ਟੋਨੀ,ਸਦਾਗਰ ਸਿੰਘ,ਗੁਰਦੀਪ ਸਿੰਘ,ਗੁਰਮੇਲ ਸਿੰਘ,ਹੁਕਮ ਸਿੰਘ,ਅਜੇ ਕੁਮਾਰ,ਸਪਨਾ,ਅੰਮ੍ਰਿਤ ਅਤੇ ਵੱਡੀ ਗਿਣਤੀ ਵਿੱਚ ਮਜਦੂਰ ਹਾਜ਼ਰ ਸਨ।

# ਅੱਜ ਕੈਬਨਿਟ ਸਬ-ਕਮੇਟੀ ਅਤੇ ਮਾਨਯੋਗ ਐਚ.ਐਮ ਡਾ. ਬਲਬੀਰ ਸਿੰਘ ਨਾਲ ਹੋਈ ਮੀਟਿੰਗ ਦੌਰਾਨ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਅੱਜ ਕੈਬਨਿਟ ਸਬ-ਕਮੇਟੀ ਅਤੇ ਮਾਨਯੋਗ ਐਚ.ਐਮ ਡਾ. ਬਲਬੀਰ ਸਿੰਘ ਨਾਲ ਹੋਈ ਮੀਟਿੰਗ ਦੌਰਾਨ ਪੀ.ਸੀ.ਐਮ.ਐਸ. ਏ. ਨੇ ਸੁਰੱਖਿਆ ਅਤੇ ਏ.ਸੀ.ਪੀਜ਼ ਦੀਆਂ ਮੰਗਾਂ ਨੂੰ ਪੁਰਜ਼ੋਰ ਤਰੀਕੇ ਨਾਲ ਕਮੇਟੀ ਸਾਹਮਣੇ ਰੱਖਿਆ ਏ.ਸੀ.ਪੀਜ਼ ਦੇ ਮੁੱਦੇ ਤੇ ਵਿਸਥਾਰ ਨਾਲ ਚਰਚਾ ਕੀਤੀ ਗਈ ਕੈਬਨਿਟ ਸਬ-ਕਮੇਟੀ ਨੇ ਮੰਗਾਂ ਨੂੰ ਜਾਇਜ਼ ਮੰਨਦਿਆਂ, ਸਿਧਾਂਤਕ ਤੌਰ ਤੇ, ਪੀਸੀਐਮਐਸ ਕਾਡਰ ਵਿੱਚ ਰੁਕੇ ਹੋਏ ਏ.ਸੀ.ਪੀ ਨੂੰ ਬਹਾਲ ਕਰਨ ਨੂੰ ਪ੍ਰਵਾਨਗੀ ਦਿੱਤੀ ਅਤੇ ਇਸ ਨੂੰ ਜਲਦੀ ਅਤੇ ਸਮਾਂਬੱਧ ਢੰਗ ਨਾਲ ਲਾਗੂ ਕਰਨ ਲਈ ਬਿਨਾਂ ਸ਼ਰਤ ਸਹਿਮਤੀ ਦਿੱਤੀ ਸਾਰੀਆਂ ਚਰਚਾਵਾਂ ਸਕਾਰਾਤਮਕ ਅਤੇ ਅਨੁਕੂਲ ਮਾਹੌਲ ਵਿੱਚ ਹੋਈਆਂ।

ਪੀ.ਸੀ.ਐੱਮ.ਐੱਸ.ਏ. ਸਾਡੀਆਂ ਮੰਗਾਂ ਨੂੰ ਪੂਰੀ ਤਰ੍ਹਾਂ ਸਵੀਕਾਰ ਕਰਨ ਅਤੇ ਜਵਾਬਦੇਹ ਹੋਣ ਲਈ ਸਬ-ਕਮੇਟੀ ਦੇ ਮੈਂਬਰਾਂ ਅਤੇ ਮਾਨਯੋਗ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਾ ਹੈ ਦਰਅਸਲ, ਮੀਟਿੰਗ ਦੇ ਅੰਤ ਵਿੱਚ, ਵਿਭਾਗ ਵੱਲੋਂ ਪੀ.ਸੀ.ਐਮ. ਐਸ.ਏ. ਨੂੰ ਭਰੋਸਾ ਦਿਵਾਇਆ ਗਿਆ ਕਿ ਅੱਜ ਹੀ ਸਰਕਾਰ ਵੱਲੋਂ ਇੱਕ ਅਧਿਕਾਰਤ ਪੱਤਰ ਜਾਰੀ ਕੀਤਾ ਜਾਵੇਗਾ ਜਿਸ ਵਿੱਚ ਏ.ਸੀ.ਪੀ ਦੀ ਬਹਾਲੀ ਬਾਰੇ ਕੈਬਨਿਟ ਸਬ-ਕਮੇਟੀ ਦੇ ਫੈਸਲੇ ਅਤੇ ਇੱਕ ਨਿਸ਼ਚਿਤ ਰੂਪਰੇਖਾ ਸਮੇਤ ਮੀਟਿੰਗ ਦੇ ਹੋਰ ਮਹੱਤਵਪੂਰਨ ਫੈਸਲਿਆਂ ਬਾਰੇ ਦੱਸਿਆ ਜਾਵੇਗਾ।

ਪ੍ਰੰਤੂ ਸਰਕਾਰ ਵੱਲੋਂ ਪੱਤਰ ਜਾਰੀ ਕਰਨ ਦੇ ਵਾਦੇ ਉਪਰੰਤ ਕੋਈ ਵੀ ਪੱਤਰ ਜਾਰੀ ਨਾ ਕੀਤੇ ਜਾਣ ਦੇ ਮੱਦੇਨਜ਼ਰ, ਕੱਲ੍ਹ ਲਈ ਓਪੀਡੀ ਨੂੰ ਪੂਰੇ ਦਿਨ ਲਈ ਮੁਅੱਤਲ ਕਰਨ ਦਾ ਸੱਦਾ ਦਿੱਤਾ ਗਿਆ ਹੈ

ਰੋਜ਼ਾਨਾ ਲੋਕ ਬਾਣੀ
www.lokbani

# ਨਸ਼ਾ ਛਡਾਉ ਕੇਂਦਰ ਵਿੱਚ ਨੌਜਵਾਨ ਦੀ ਭੇਦਭਰੇ ਹਾਲਾਤਾਂ ਚ ਮੌਤ, ਪੁਲਿਸ ਵੱਲੋਂ ਪਰਚਾ ਦਰਜ ਕਰਕੇ ਤਫਤੀਸ਼ ਸ਼ੁਰੂ



ਮਾਲੇਰਕੋਟਲਾ, (ਲੋਕ ਬਾਣੀ) -ਸੰਦੌੜ ਥਾਣੇ ਅਧੀਨ ਪੈਂਦੇ ਪਿੰਡ ਮਹੋਲੀ ਕਲਾਂ ਵਿਖੇ ਇੱਕ ਨਸ਼ਾ ਛਡਾਉ ਕੇਂਦਰ ਵਿੱਚ ਪਿੰਡ ਗੁਆਰਾ ਦੇ ਇੱਕ ਨੌਜਵਾਨ ਦੀ ਭੇਦਭਰੇ ਹਾਲਾਤਾਂ ਵਿੱਚ ਮੌਤ ਹੋਣ ਦੀ ਜਾਣਕਾਰੀ ਮਿਲੀ ਹੈ। ਇਸ ਸਬੰਧੀ ਮ੍ਰਿਤਕ ਨੌਜਵਾਨ ਰਮਨਦੀਪ ਸਿੰਘ ਦੀ ਭੈਣ ਹਰਦੀਪ ਕੌਰ ਪਤਨੀ ਜਸਪ੍ਰੀਤ ਸਿੰਘ ਵਾਸੀ ਗਹਿਲਾਂ ਨੇ ਸੰਦੌੜ ਥਾਣਾ ਵਿਖੇ ਦਿੱਤੀ ਸ਼ਿਕਾਇਤ ਚ ਦੋਸ਼ ਲਗਾਇਆ ਹੈ ਕਿ ਉਨ੍ਹਾਂ ਵੱਲੋਂ ਰਮਨਦੀਪ ਨੂੰ ਰਾਜੇਵਾਲ ਨੇੜੇ ਸਮਰਾਲਾ ਵਿਖੇ ਇੱਕ ਨਸ਼ਾ ਛਡਾਉ ਕੇਂਦਰ ਵਿੱਚ ਭਰਤੀ ਕਰਵਾਇਆ ਗਿਆ ਸੀ, ਪਰ ਬਾਦ ਵਿੱਚ ਉਸਦੇ ਭਰਾ ਨੂੰ ਕੇਂਦਰ ਦੇ ਸੰਚਾਲਕ ਵੱਲੋਂ ਪਤਾ ਨਹੀਂ ਕਿਸ ਵਜਾ ਕਰਕੇ ਮਹੋਲੀ ਕਲਾਂ ਵਿਖੇ ਬਾਹਰਵਾਰ ਹੋਰ ਕੇਂਦਰ ਵਿੱਚ ਲਿਆ ਕਿ ਰੱਖ ਲਿਆ ਗਿਆ।8 ਸਤੰਬਰ ਨੂੰ ਕੇਂਦਰ ਦੇ ਮਾਲਕ ਨੇ ਫੋਨ ਕਰਕੇ ਕਿਹਾ ਕਿ ਰਮਨਦੀਪ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ ਹੈ। ਉਸਦੀ ਮ੍ਰਿਤਕ ਦੇਹ ਲੁਧਿਆਣਾ ਵਿਖੇ ਹਸਪਤਾਲ ਵਿੱਚ ਪਈ ਹੈ, ਲੈ ਜਾਓ। ਪਰਿਵਾਰ ਵੱਲੋਂ ਇਸ ਸਬੰਧੀ ਨਸ਼ਾ ਛਡਾਉ ਕੇਂਦਰ ਵਿੱਚ ਨੌਜਵਾਨ ਦੀਕੁੱਟਮਾਰ ਕਰਨ ਦੇ ਲਗਾਏ ਗਏ ਦੋਸ਼ਾਂ ਦੇ ਚੱਲਦਿਆਂ ਥਾਣਾ ਸੰਦੌੜ ਵਿਖੇ ਪਰਚਾ ਦਰਜ ਕੀਤਾ ਗਿਆ ਹੈ। ਇੰਸਪੈਕਟਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਭਾਰਤੀ ਨਿਆਂ ਸਹਿੰਤਾ ਦੀ ਧਾਰਾ105 ਅਤੇ 3(5) ਅਧੀਨ ਕੇਦਰ ਚਲਾ ਰਹੇ ਸੁਖਵਿੰਦਰ ਸਿੰਘ ਦੇ ਖਿਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ। ਮ੍ਰਿਤਕ ਦੀ ਦੇਹ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ ਅਤੇ ਕਾਰਵਾਈ ਜਾਰੀ ਹੈ।

# ਸਰਕਾਰੀ ਕਾਲਜ ਲੁਧਿਆਣਾ ਈਸਟ ਵਿਖੇ ਬਾਡੀਜ਼ ਗਰੁੱਪ ਵੱਲੋਂ ਸੈਮੀਨਾਰ ਕਰਵਾਇਆ



ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ) ਸਰਕਾਰੀ ਕਾਲਜ ਲੁਧਿਆਣਾ ਈਸਟ ਵਿਖੇ ਪ੍ਰਿੰਸੀਪਲ ਪ੍ਰੋ.ਦੀਪਕ ਚੋਪੜਾ ਦੀ ਯੋਗ ਅਗਵਾਈ ਹੇਠ ਅਤੇ ਵਾਇਸ ਪ੍ਰਿੰਸੀਪਲ ਪ੍ਰੋ. ਬਿਨੀਤਾ ਝਾਂਜੀ ਦੀ ਦੇਖ ਰੇਖ ਵਿੱਚ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਦੇ ਲਈ ਇਕ ਸੈਮੀਨਾਰ ਕਰਵਾਇਆ ਗਿਆ।

ਇਸ ਸੈਮੀਨਾਰ ਦੌਰਾਨ ਟ੍ਰੈਫਿਕ ਪਾਰਕ ਤੋਂ ਪੰਕਜ ਕੁਮਾਰ, ਹਿਮਾਂਸ਼ੂ ਲੁਗਾਣਾ ਅਤੇ ਹੈੱਡ ਕਾਂਸਟੇਬਲ ਜਸਵੀਰ ਸਿੰਘ ਨੇ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਜ਼ਿਆਦਾਤਰ ਸੜਕ ਹਾਦਸਿਆਂ ਦਾ ਮੁੱਖ ਕਾਰਨ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨਾ ਹੈ ।ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰ ਕੇ ਸੜਕੀ ਹਾਦਸਿਆਂ ਨੂੰ ਕਾਫ਼ੀ ਹੱਦ ਤੱਕ ਘੱਟ ਕੀਤਾ ਜਾ ਸਕਦਾ ਹੈ । ਇਸ ਦੇ ਨਾਲ ਹੀ ਉਨ੍ਹਾਂ ਵਲੋਂ ਵਿਦਿਆਰਥੀਆਂ ਨੂੰ ਨਸ਼ੇ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ । ਅੰਤ ਵਿਚ ਵਾਈਸ ਪ੍ਰਿੰਸੀਪਲ ਪ੍ਰੋ. ਬਿਨੀਤਾ ਝਾਂਜੀ ਵਲੋਂ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਪੁਲਿਸ ਟੀਮ ਦਾ ਧੰਨਵਾਦ ਕੀਤਾ ਗਿਆ। ਪ੍ਰੋ.ਮਨਪ੍ਰੀਤ ਕੌਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।ਪ੍ਰੋ. ਪਰਮਜੀਤ ਕੌਰ ਨੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਵਿਚ ਅਹਿਮ ਭੂਮਿਕਾ ਅਦਾ ਕੀਤੀ।ਇਸ ਮੌਕੇ ਸਮੂਹ ਸਟਾਫ਼ ਤੋਂ ਇਲਾਵਾ ਕਾਫ਼ੀ ਗਿਣਤੀ ਵਿਚ ਵਿਦਿਆਰਥੀ ਹਾਜ਼ਰ ਸਨ।

# ਰਘਵੀਰ ਮਾਨ ਸਹਾਇਕ ਡਾਇਰੈਕਟਰ ਮਾਨਸਾ ਜਿਲੇ ਵਿੱਚ ਜੁਆਇੰਨ ਕਰਨ ਤੇ ਨੋਜਵਾਨਾ ਵਿਚ ਜੋਸ਼ : ਰਜਿੰਦਰ ਵਰਮਾ



ਮਾਨਸਾ 11 ਸਤੰਬਰ (ਪੱਤਰ ਪ੍ਰੇਰਕ)ਨੈਸ਼ਨਲ ਅਵਾਰਡੀ ਰਘਬੀਰ ਸਿੰਘ ਮਾਨ ਜੀ ਦੀ ਬਦਲੀ ਬਤੌਰ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਮਾਨਸਾ ਹੋਈ ਹੈ। ਮਾਨਸਾ ਜ਼ਿਲ੍ਹੇ ਦੀਆਂ ਸਮੂਹ ਕਲੱਬਾਂ, ਤੇ ਨੌਜਵਾਨਾਂ ਲਈ ਇਹ ਖੁਸ਼ੀ ਦੀ ਗੱਲ ਹੈ ਤੂੰਗਾਵਾਲੀ ਪਿੰਡ ਦੇ ਕਲੱਬ ਦੇ ਪ੍ਰਧਾਨ ਦੇ ਤੌਰ ਤੇ ਸੁਰੂ ਕਰਕੇ ਇਕ ਅਧਿਆਪਕ ਬਣਨਾ ਤੇ ਫਿਰ ਮਿਹਨਤ ਨਾਲ ਸਹਾਇਕ ਡਾਇਰੈਕਟਰ ਬਣਨਾ ਤੇ ਜਿਲਾ ਮਾਨਸਾ ਵਿੱਚ ਅਫ਼ਸਰ ਦਾ ਦੁਵਾਰਾ ਮਿਲਣਾ। ਸੋ ਆਸ ਹੈ ਕਿ ਰਘਵੀਰ ਮਾਨ ਸਰਕਾਰ ਤੋ ਕਲੱਬਾ ਦੀਆ ਗਤੀਵਿਧੀਆ ਨੂੰ ਤੇਜ ਕਰਵਾਉਣ ਵਿੱਚ ਆਪਣਾ ਵਡਮੁੱਲਾ ਹੋਰ ਯੋਗਦਾਨ ਪਾਉਣਗੇ ਇਹ ਵਿਚਾਰ ਸਟੇਟ ਆਵਾਰਡੀ ਰਜਿੰਦਰ ਵਰਮਾ ਨੇ ਕਲੱਬਾ ਦੇ ਆਗੂਆ ਨਾਲ ਸਾਝੇ ਕਰਦਿਆ ਕਿਹਾ ਕਿ ਰਘਵੀਰ ਮਾਨ ਦੇ ਆਉਣ ਨਾਲ ਨੌਜਵਾਨਾ ਵਿੱਚ ਖੁਸੀ ਦੀ ਲਹਿਰ ਹੈ ਜਿਲਾ ਬਾਲ ਸੁਰੱਖਿਆ ਦੀ ਸਕੀਮਾ ਫੋਸਟਰ ਕੇਅਰ ਤੇ ਸਪੋਸਰਸਿ□ਪ ਬਾਰੇ ਚਾਨਣਾ ਪਾਇਆ ਨਾਲ ਹੀ ਇਸ ਮੋਕੇ ਸਟੇਟ ਆਵਾਰਡੀ ਰਾਜ ਜੋਸੀ ਬਲਜਿੰਦਰ ਸੰਗੀਲਾ ਮਹਿੰਦਰ ਪਾਲ ਗੁਰਪ੍ਰੀਤ ਭੰਮੈ ਮਨਜੀਤ ਸਿੰਘ ਭੱਟੀ ਅਵਾਰਡੀ ਨਿਰਮਲ ਮੋਜੀਆ ਸਟੇਟ ਆਵਾਰਡੀ ਮਨੋਜ ਕੁਮਾਰ ਰਾਵਲ ਸਿੰਘ ਕਰਮਜੀਤ ਭੈਣੀ ਬਾਗਾ ਡਿੰਪਲ ਫਰਮਾਹੀ ਨਵੀ ਕਲਹਿਰੀ ਦੀਦਾਰ ਸਿੰਘ ਨੇ ਕਿਹਾ ਕਿ ਰਘਵੀਰ ਮਾਨ ਦੇ ਆਉਣ ਨਾਲ ਕਲੱਬਾ ਗਤੀਸੀ□ਲ ਹੋਣਗੇ ਤੇ ਪਹਿਲਾ ਨਾਲੋ ਵੱਧ ਕੇ ਕੰਮ ਕਰਨਗੇ ਇਸ ਮੌਕੇ ਵੱਖ ਵੱਖ ਪਿੰਡਾ ਦੇ ਨੋਜਵਾਨ ਵੀ ਸਾਮਲ ਹੋਏ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
82880 21797
82880 21798
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements in Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
• 56 Colleges & Schools • 200 Merit Positions
• 125 Companies For Placements
• 75 Academic Courses
• 2000 Placements In 2022 - 2023
• 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB
• PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565